MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 41 SATURDAY, 14 OCTOBER, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਮੇਅਰ ਲੌਕ ਨੇ ਵਿਕਟੋਰੀਆ ਦੇ ਨੌਕਰਸ਼ਾਹ ਦੇ ਘਟੀਆ ਪੱਤਰ ਦੀ ਕੀਤੀ ਨਿਖੇਧੀ



ਸਰੀ-ਇਥੋਂ ਦੀ ਮੇਅਰ ਬਰੇਂਡਾ ਲੌਕ ਨੇ ਕਿਹਾ ਕਿ ਸੂਬੇ ਦੇ ਪੁਲਿਸ ਸੇਵਾਵਾਂ ਦੇ ਡਾਇਰੈਕਟਰ ਵਲੋਂ 4 ਅਕਤੂਬਰ ਨੂੰ ਲਿਖੇ ਘਟੀਆ ਪੱਤਰ ਵਿਚ ਇਹ ਰੋਸ ਪ੍ਰਗਟ ਕਰਨ ਕਿ ਸਿਟੀ ਹਾਲ ਵਿਖੇ ਲੀਡਰਸ਼ਿਪ ਤੇ ਰੁਝੇਵਿਆਂ ਦੀ ਘਾਟ ਕਾਰਨ ਸਿਟੀ ਪੁਲਿਸ ਟਰਾਂਜ਼ੀਸ਼ਨ ਵਿਚ ਦੇਰੀ ਹੋ ਰਹੀ ਹੈ ਪਿੱਛੋਂ ਉਸ ਨੇ ਵਿਕਟੋਰੀਆ ਵਿਚ ਨੌਕਰਸ਼ਾਹ ਤੋਂ ਮਾਰਚਿੰਗ ਆਰਡਰ ਲੈਣ ਭਾਵ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਲੌਕ ਨੇ ਨਾਉ-ਲੀਡਰ ਨੂੰ ਦੱਸਿਆ ਕਿ ਪੱਤਰ ਨਿਰਾਸ਼ ਕਰਨ ਵਾਲਾ ਹੈ ਪਰ ਇਹ ਗਲਤ ਹੈ ਅਤੇ ਇਹ ਸਪਸ਼ਟ ਰੂਪ ਵਿਚ ਦੋਸ਼ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਇਹ ਪੂਰੀ ਤਰ੍ਹਾਂ ਗਲਤ ਹੈ, ਉਨ੍ਹਾਂ ਦੇ ਬਿਆਨ ਪੂਰੀ ਤਰ੍ਹਾਂ ਗਲਤ ਹਨ, ਉਹ ਜ਼ਮੀਨੀ ਹਕੀਕਤ ਬਾਰੇ ਨਹੀਂ ਜਾਣਦੇ ਅਤੇ ਮੇਰਾ ਅਨੁਮਾਨ ਹੈ ਕਿ ਕੋਈ ਹੋਰ ਗੱਲ ਹੈ ਪਰ ਮੈਨੂੰ ਕੋਈ ਜਾਣਕਾਰੀ ਨਹੀਂ ਕਿ ਗਲੇਨ ਲੇਵਿਸ ਉਸ ਨੂੰ ਕਿਉਂ ਪੱਤਰ ਲਿਖ ਰਿਹਾ ਹੈ। ਉਹ ਨੌਕਰਸ਼ਾਹ ਹੈ ਅਤੇ ਉਸ ਨੂੰ ਨੌਕਰਸ਼ਾਹਾਂ ਨੂੰ ਹੀ ਲਿਖਣਾ ਚਾਹੀਦਾ ਹੈ। (ਬਾਕੀ ਸਫ਼ਾ 6 'ਤੇ)

# ਅਲਟੀਮੇਟਮ ਦੇ ਬਾਵਜੂਦ ਕੈਨੇਡਾ ਨੇ ਭਾਰਤ 'ਚੋਂ ਆਪਣੇ ਵਾਧੂ ਡਿਪਲੋਮੈਟ ਵਾਪਸ ਨਹੀਂ ਬੁਲਾਏ

## ਭਾਰਤ ਵੱਲੋਂ ਨਰਮ ਵਤੀਰੇ ਕਾਰਣ ਤਣਾਅ ਘਟਣ ਦੇ ਸੰਕੇਤ



ਓਟਵਾ-ਸਰਕਾਰ ਦੇ ਇਕ ਸੀਨੀਅਰ ਸੂਤਰ ਨੇ ਦੱਸਿਆ ਕਿ ਨਵੀਂ ਦਿੱਲੀ ਵਲੋਂ ਕਥਿਤ ਰੂਪ ਵਿਚ ਓਟਵਾ ਨੂੰ ਭਾਰਤ ਵਿਚੋਂ ਆਪਣੇ ਮਿਸ਼ਨ ਵਿਚ ਕੂਟਨੀਤਕਾਂ ਦੀ ਗਿਣਤੀ ਘੱਟ ਕਰਨ ਲਈ ਕਹਿਣ ਦੇ ਬਾਵਜੂਦ ਕੈਨੇਡਾ ਨੇ ਭਾਰਤ ਤੋਂ ਕਿਸੇ ਵੀ ਡਿਪਲੋਮੈਟ ਨੂੰ ਵਾਪਸ ਨਹੀਂ ਸੱਦਿਆ। 'ਦੀ ਫਾਈਨੈਂਸ਼ਲ ਟਾਈਮਜ਼' ਨੇ ਪਹਿਲੀ ਵਾਰ 3 ਅਕਤੂਬਰ ਨੂੰ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ਭਾਰਤ ਸਰਕਾਰ ਨੇ ਓਟਵਾ ਨੂੰ ਕਿਹਾ ਕਿ ਉਹ ਸਮੁੱਚੇ ਭਾਰਤ ਵਿਚ ਆਪਣੇ ਮਿਸ਼ਨਾਂ ਵਿਚੋਂ ਦਰਜਨਾਂ ਕੂਟਨੀਤਕਾਂ ਨੂੰ ਵਾਪਸ ਬੁਲਾ ਲਵੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਇਹ ਦੋਸ਼ ਲਗਾਉਣ ਕਿ ਇਕ ਕੈਨੇਡੀਅਨ ਨਾਗਰਿਕ ਦੇ ਕਤਲ ਪਿੱਛੇ ਨਵੀਂ ਦਿੱਲੀ ਦਾ ਹੱਥ ਹੈ ਪਿੱਛੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਸੰਕਟ ਪੈਦਾ ਹੋ ਗਿਆ ਸੀ। ਟਾਈਮਜ਼ ਨੇ ਖ਼ਬਰ ਦਿੱਤੀ ਸੀ ਕਿ ਭਾਰਤ ਨੇ ਕੈਨੇਡਾ ਨੂੰ 10 ਅਕਤੂਬਰ ਤਕ ਆਪਣੇ 41 ਕੂਟਨੀਤਕਾਂ ਨੂੰ ਵਾਪਸ ਬੁਲਾਉਣ ਲਈ ਕਿਹਾ ਸੀ ਅਤੇ ਨਵੀਂ ਦਿੱਲੀ ਨੇ ਇਹ ਵੀ ਧਮਕੀ ਦਿੱਤੀ ਸੀ ਕਿ ਉਸ ਤਾਰੀਕ ਪਿੱਛੋਂ ਭਾਰਤ ਵਿਚ ਰਹਿਣ ਵਾਲੇ ਡਿਪਲੋਮੈਟਾਂ ਨੂੰ ਮਿਲਦੀ ਕੂਟਨੀਤਕ ਛੋਟ ਰੱਦ ਕਰ ਦਿੱਤੀ ਜਾਵੇਗੀ। ਬੁੱਧਵਾਰ ਫੈਡਰਲ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਓਟਵਾ ਨੇ ਭਾਰਤ ਨਾਲ ਸ਼ੁਰੂ ਦੇ ਵਿਵਾਦ ਸਮੇਂ ਕੀਤੇ ਕੁਝ ਸੁਧਾਰਾਂ ਨੂੰ ਛੱਡ ਕੇ ਭਾਰਤ ਵਿਚੋਂ ਆਪਣੇ ਕੂਟਨੀਤਕਾਂ ਨੂੰ ਵਾਪਸ ਨਹੀਂ ਬੁਲਾਇਆ। ਮਾਮਲੇ ਦੀ ਸਿੱਧੀ ਜਾਣਕਾਰੀ ਰੱਖਣ ਵਾਲੇ ਇਕ ਹੋਰ ਸੂਤਰ ਨੇ ਦੱਸਿਆ ਕਿ ਭਾਰਤ ਨੇ ਲਚਕੀਲਾਪਨ ਦਿਖਾਇਆ ਹੈ ਕਿਉਂਕਿ ਦੁਵੱਲੇ ਤਣਾਅ ਨੂੰ ਘੱਟ ਕਰਨ ਦੀਆਂ ਕੋਸ਼ਿਸ਼ਾਂ ਵਜੋਂ ਪਰਦੇ ਦੇ ਪਿੱਛੇ ਸਮਝੌਤਾ ਗੱਲਬਾਤ ਲਗਾਤਾਰ ਜਾਰੀ ਹੈ। 'ਦੀ ਗਲੋਬ ਐਂਡ ਮੇਲ' ਨੇ ਉਨ੍ਹਾਂ ਦੋਵਾਂ ਸੂਤਰਾਂ ਦੀ ਪਛਾਣ ਨਹੀਂ ਦੱਸੀ ਕਿਉਂਕਿ ਉਨ੍ਹਾਂ ਨੂੰ ਭਾਰਤ-ਕੈਨੇਡਾ ਕੂਟਨੀਤਕ ਗੱਲਬਾਤ ਬਾਰੇ ਚਰਚਾ ਕਰਨ ਦਾ ਅਧਿਕਾਰ ਨਹੀਂ। ਟਰੂਡੋ ਦੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਵਿਨਸੈਂਟ ਰਿਗਬੀ ਨੇ ਕਿਹਾ ਕਿ ਜੇਕਰ ਅਜੇ ਤਕ ਸਾਡੇ ਡਿਪਲੋਮੈਟ ਬਾਹਰ ਨਹੀਂ ਕੱਢੇ ਗਏ ਤਾਂ ਇਹ ਇਕ ਚੰਗਾ ਸੰਕੇਤ ਹੈ। ਜੇਕਰ ਭਾਰਤੀ ਅਧਿਕਾਰੀ ਆਪਣੀ ਸਥਿਤੀ 'ਤੇ ਮੁੜ ਵਿਚਾਰ ਕਰ ਰਹੇ ਹਨ ਤਾਂ ਇਹ ਸਵਾਗਤਯੋਗ ਖ਼ਬਰ ਹੈ ਪਰ ਇਹ ਸਮਾਂ ਦੱਸੇਗਾ ਕਿ ਅਜਿਹੀ ਕੋਈ ਗੱਲਬਾਤ ਹੈ ਜਾਂ ਨਹੀਂ। 18 ਸਤੰਬਰ ਨੂੰ ਟਰੂਡੋ ਨੇ ਹਾਊਸ ਆਫ ਕਾਮਨਜ਼ ਨੂੰ ਦੱਸਿਆ ਸੀ ਕਿ ਕੈਨੇਡਾ ਕੋਲ ਇਹ ਖੁਫ਼ੀਆ ਜਾਣਕਾਰੀ ਹੈ ਕਿ ਭਾਰਤੀ ਪੰਜਾਬ ਵਿਚ ਸਿੱਖਾਂ ਲਈ ਵੱਖਰਾ ਦੇਸ਼ ਸਥਾਪਤ (ਬਾਕੀ ਸਫ਼ਾ 6 'ਤੇ)

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval In 2 Hours
@HARPREETFUNDING
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S|T &|A Simpson, Thomas and Associates

# Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

**Surrey Office**
701 – 13761 96th Avenue
Surrey, BC V3V 0E8

**Vancouver Office**
501 – 808 Nelson Street
Vancouver, BC V6Z 2H2

Scan QR code to set up a legal consultation with us

BBB ACCREDITED BUSINESS

**Experienced lawyers for your legal needs.**

@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 41 SATURDAY, 14 OCTOBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਪੰਜਾਬ ਸਰਕਾਰ ਵੱਲੋਂ ਸੱਦਿਆ ਦੋ ਦਿਨਾਂ ਵਿਧਾਨ ਸਭਾ ਵਿਸ਼ੇਸ਼ ਸੈਸ਼ਨ ਗ਼ੈਰਕਾਨੂੰਨੀ-ਰਾਜਪਾਲ

## ਪੰਜਾਬ ਵਿਚ ਨਸ਼ਿਆਂ ਦੇ ਖ਼ਾਤਮੇ ਲਈ ਲੋਕ ਸਹਿਯੋਗ ਦੇਣ-ਪੁਰੋਹਿਤ

ਚੰਡੀਗੜ੍ਹ-ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਦੇ ਦਫਤਰ ਨੇ 20-21 ਅਕਤੂਬਰ ਨੂੰ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਤੇ ਸੈਸ਼ਨ ਦੌਰਾਨ ਹੋਣ ਵਾਲੇ ਕਿਸੇ ਵੀ ਕੰਮ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਪੰਜਾਬ ਨੇ ਐੱਸਵਾਈਐੱਲ ਨਹਿਰ ਵਿਵਾਦ ਦੇ ਮੱਦੇਨਜ਼ਰ 20-21 ਅਕਤੂਬਰ ਨੂੰ ਦੋ ਰੋਜ਼ਾ ਵਿਧਾਨ ਸਭਾ ਸੈਸ਼ਨ ਬੁਲਾਇਆ ਹੈ। ਇਸ ਸਬੰਧੀ ਪੰਜਾਬ ਰਾਜ ਭਵਨ ਵੱਲੋਂ ਸਕੱਤਰ ਪੰਜਾਬ ਵਿਧਾਨ ਸਭਾ ਨੂੰ ਪੱਤਰ ਭੇਜਿਆ ਗਿਆ ਹੈ। ਰਾਜਪਾਲ ਪੁਰੋਹਿਤ ਸਰਹੱਦੀ ਜ਼ਿਲ੍ਹਿਆਂ ਦੇ ਤਿੰਨ ਦਿਨਾਂ ਦੌਰੇ 'ਤੇ ਹਨ ਅਤੇ ਅੱਜ ਗੁਰਦਾਸਪੁਰ ਦਾ ਦੌਰਾ ਕਰ ਰਹੇ ਹਨ। ਪੱਤਰ, ਜਿਸ ਦੀ ਇਕ ਕਾਪੀ 'ਪੰਜਾਬੀ ਟ੍ਰਿਬਿਊਨ' ਕੋਲ ਹੈ, ਵਿਚ 19-20 ਜੂਨ ਨੂੰ ਵਿਸ਼ੇਸ਼ ਸੈਸ਼ਨ ਸੱਦਣ 'ਤੇ ਰਾਜਪਾਲ ਵੱਲੋਂ ਕੀਤੇ ਇਤਰਾਜ਼ ਸ਼ਾਮਲ ਹਨ।




ਤਰਨ ਤਾਰਨ-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਨਸ਼ਿਆਂ ਤੇ ਨਾਜਾਇਜ਼ ਖਣਨ ਨੂੰ ਰੋਕਣ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਰਾਜਪਾਲ ਨੇ ਕਿਹਾ ਕਿ ਸਰਹੱਦੀ ਖੇਤਰ ਵਿਚ ਬਣਾਈਆਂ 'ਵਿਲੇਜ ਡਿਫੈਂਸ ਕਮੇਟੀਆਂ' ਦੀ ਸਫਲਤਾ ਤੋਂ ਬਾਅਦ ਹੁਣ ਪੂਰੇ ਸੂਬੇ ਵਿਚ ਅਜਿਹੀਆਂ ਨਾਗਰਿਕ ਸੁਰੱਖਿਆ ਕਮੇਟੀਆਂ ਬਣਾਈਆਂ ਜਾਣਗੀਆਂ ਜੋ ਨਸ਼ਿਆਂ ਤੇ ਗੈਰ ਕਾਨੂੰਨੀ ਮਾਈਨਿੰਗ ਦੇ ਖਾਤਮੇ ਲਈ ਕੰਮ ਕਰਨਗੀਆਂ। ਰਾਜਪਾਲ ਨੇ ਅੱਜ ਸਰਹੱਦੀ ਖੇਤਰ ਦੇ ਪਿੰਡ ਖੇਮਕਰਨ ਵਿੱਚ ਬੀਐੱਸਐਫ਼ ਦੀ 101 ਬਟਾਲੀਅਨ ਦੇ ਹੈੱਡਕੁਆਰਟਰ ਵਿੱਚ ਮੀਟਿੰਗ ਕੀਤੀ। ਇਸ ਤੋਂ ਬਾਅਦ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੰਜਾਬ ਪੁਲੀਸ ਤੇ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਦੇ ਪੰਜਾਬ ਮੁਖੀਆਂ ਨਾਲ ਮੀਟਿੰਗ ਕੀਤੀ।

### 'ਆਪ' ਵਿਧਾਇਕ ਦੇ ਰਿਸ਼ਤੇਦਾਰ ਦੇ ਕੇਸ ਨੂੰ ਅੰਜਾਮ ਤੱਕ ਲਿਜਾਣ ਦਾ ਭਰੋਸਾ

ਤਰਨਤਾਰਨ ਵਿੱਚ ਹਾਲ ਹੀ ਵਿਚ ਗੈਰ-ਕਾਨੂੰਨੀ ਮਾਈਨਿੰਗ ਦੇ ਕੇਸ ਵਿੱਚ ਇੱਕ ਵਿਧਾਇਕ ਦੇ ਕਰੀਬੀ ਰਿਸ਼ਤੇਦਾਰ ਸਮੇਤ 10 ਵਿਅਕਤੀਆਂ ਦੀ ਗ੍ਰਿਫ਼ਤਾਰੀ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਰਾਜਪਾਲ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਤਰਕਪੂਰਨ ਅੰਜਾਮ ਤੱਕ ਪਹੁੰਚਾਉਣ ਲਈ ਪੂਰੀ ਕੋਸ਼ਿਸ਼ ਕਰਨਗੇ। ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਕਾਰਵਾਈ ਕਾਰਨ ਕਥਿਤ ਤੌਰ 'ਤੇ ਸਿਆਸੀ ਦਬਾਅ ਹੇਠ ਇਕ ਉਚ ਪੁਲੀਸ ਅਧਿਕਾਰੀ ਦਾ ਤਬਾਦਲਾ ਕਰ ਦਿੱਤਾ ਗਿਆ ਸੀ।

ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਰਾਜਪਾਲ ਨੇ ਦੱਸਿਆ ਕਿ ਸਰਹੱਦ ਦੇ 15 ਕਿਲੋਮੀਟਰ ਘੇਰੇ ਵਿਚ ਬਣਾਈਆਂ ਗਈਆਂ ਸੁਰੱਖਿਆ ਕਮੇਟੀਆਂ ਦੀ ਕਾਮਯਾਬੀ ਤੋਂ ਬਾਅਦ ਪੂਰੇ ਰਾਜ ਵਿਚ ਅਜਿਹੀਆਂ ਨਾਗਰਿਕ ਸੁਰੱਖਿਆ ਕਮੇਟੀਆਂ ਬਣਾਉਣ ਦੀ ਪੰਜਾਬ ਦੇ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਗਈ ਹੈ ਅਤੇ ਸਰਕਾਰ ਨੇ ਇਸ ਨੂੰ ਪ੍ਰਵਾਨ ਕੀਤਾ ਹੈ। ਹੁਣ ਸਾਰੇ ਪੰਜਾਬ ਦੇ ਪਿੰਡਾਂ ਵਿਚ 21 ਮੈਂਬਰੀ ਸੁਰੱਖਿਆ ਕਮੇਟੀਆਂ ਬਣਾਈਆਂ ਜਾਣਗੀਆਂ, ਜੋ ਨਸ਼ਿਆਂ ਅਤੇ ਗੈਰਕਾਨੂੰਨੀ ਮਾਈਨਿੰਗ ਦੇ ਖਾਤਮੇ ਲਈ ਕੰਮ ਕਰਨਗੀਆਂ। ਇਸ ਤੋ ਪਹਿਲਾਂ *(ਬਾਕੀ ਸਫ਼ਾ 6 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸੈਨਿਕ ਜਹਾਜ਼ ਦੀ ਵਰਤੋਂ ਕਰਕੇ ਕੈਨੇਡਾ ਆਪਣੇ ਨਾਗਰਿਕਾਂ ਨੂੰ ਇਜ਼ਰਾਈਲ ਤੋਂ ਕੱਢੇਗਾ-ਜੋਲੀ

ਓਟਵਾ-ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਐਲਾਨ ਕੀਤਾ ਕਿ ਕੈਨੇਡਾ ਫ਼ੌਜ ਦੇ ਜਹਾਜ਼ਾਂ ਦੀ ਵਰਤੋਂ ਕਰਕੇ ਆਉਣ ਦਿਨਾਂ ਵਿਚ ਆਪਣੇ ਨਾਗਰਿਕਾਂ ਨੂੰ ਇਜ਼ਰਾਈਲ ਤੋਂ ਕੱਢਣਾ ਸ਼ੁਰੂ ਕਰੇਗਾ। ਉਨ੍ਹਾਂ ਦੱਸਿਆ ਕਿ ਉਡਾਨਾਂ ਤੇਲ ਅਵੀਵ ਤੋਂ ਰਵਾਨਾ ਹੋਣਗੀਆਂ ਅਤੇ ਉਸ ਵਿਚ ਕੇਵਲ ਕੈਨੇਡੀਅਨ ਨਾਗਰਿਕ ਅਤੇ ਪਰਮਾਨੈਂਟ ਰੈਜ਼ੀਡੈਂਟ ਅਤੇ ਉਨ੍ਹਾਂ ਦੇ ਜੀਵਨ ਸਾਥੀ ਤੇ ਬੱਚੇ ਹੀ ਸਵਾਰ ਹੋਣਗੇ। ਮਿਸ ਜੋਲੀ ਨੇ ਵੈਸਟ ਬੈਂਕ ਅਤੇ ਗਾਜ਼ਾ ਪੱਟੀ ਜਿਸ ਨੂੰ ਇਜ਼ਰਾਈਲ ਨੇ ਸੀਲ ਕੀਤਾ ਹੋਇਆ ਹੈ ਵਿਚ ਰਹਿ ਰਹੇ ਕੈਨੇਡੀਅਨਾਂ ਲਈ ਵੀ ਇਹੋ ਗੱਲ ਆਖੀ ਹੈ। ਮੰਤਰੀ ਨੇ ਕਿਹਾ ਕਿ ਓਟਵਾ ਉਨ੍ਹਾਂ ਕੈਨੇਡੀਅਨ ਨਾਗਰਿਕਾਂ ਲਈ ਵਿਕਲਪਾਂ 'ਤੇ ਵਿਚਾਰ ਕਰ ਰਿਹਾ ਹੈ ਜਿਹੜੇ ਤੇਲ ਅਵੀਵ ਵਿਚ ਹਵਾਈ ਅੱਡੇ ਤਕ ਨਹੀਂ ਪਹੁੰਚ ਸਕਦੇ ਪਰ ਉਨ੍ਹਾਂ ਹੋਰ ਵੇਰਵੇ ਨਹੀਂ ਦਿੱਤੇ। ਇਸਲਾਮਿਕ ਅੱਤਵਾਦੀ ਸੰਗਠਨ ਹਾਮਾਸ ਵਲੋਂ ਇਜ਼ਰਾਈਲ 'ਤੇ 7 ਅਕਤੂਬਰ ਨੂੰ ਹਮਲਾ ਸ਼ੁਰੂ ਕਰਨ ਪਿੱਛੋਂ ਇਜ਼ਰਾਈਲ ਨੂੰ ਜਾਣ ਤੇ ਉਥੋਂ ਆਉਣ ਵਾਲੀਆਂ ਬਹੁਤ ਸਾਰੀਆਂ ਉਡਾਨਾਂ ਨੂੰ ਰੋਕ ਦਿੱਤਾ ਗਿਆ ਹੈ। ਐਕਸ ਪਲੇਟਫਾਰਮ 'ਤੇ ਪਾਈ ਪੋਸਟ ਵਿਚ ਜੋਲੀ ਨੇ ਕਿਹਾ ਕਿ ਉਸ ਨੂੰ ਪਤਾ ਹੈ ਕਿ ਸਥਿਤੀ ਬਹੁਤ ਮੁਸ਼ਕਿਲ ਭਰੀ ਹੈ। ਤੁਹਾਡੇ ਵਿਚੋਂ ਬਹੁਤ ਸਾਰੇ ਆਪਣੇ ਪਰਿਵਾਰਾਂ ਕੋਲ ਘਰ ਵਾਪਸ ਆਉਣਾ ਚਾਹੁੰਦੇ ਹਨ ਅਤੇ ਪਰ ਸੁਰੱਖਿਅਤ ਨਿਕਲਣ ਦਾ ਕੋਈ ਰਾਹ ਨਹੀਂ। ਅਸੀਂ ਤੁਹਾਡੀ ਮਦਦ ਕਰਾਂਗੇ। ਉਨ੍ਹਾਂ ਦੱਸਿਆ ਕਿ ਹੋਰ ਵੇਰਵੇ ਬਾਅਦ ਵਿਚ ਦੱਸੇ ਜਾਣਗੇ।








## 2020 ਤੋਂ ਡੈਲਟਾ 'ਚ ਬੇਘਰਿਆਂ ਦੀ ਗਿਣਤੀ ਵਿਚ 159 ਫ਼ੀਸਦੀ ਦਾ ਵਾਧਾ ਹੋਇਆ

ਵੈਨਕੂਵਰ-ਤਾਜ਼ਾ ਗਿਣਤੀ ਤੋਂ ਪਤਾ ਲਗਦਾ ਹੈ ਕਿ ਗਰੇਟਰ ਵੈਨਕੂਵਰ ਵਿਚ ਬੇਘਰਿਆ ਦੀ ਗਿਣਤੀ 32 ਫ਼ੀਸਦੀ ਵਧੀ ਹੈ। ਡੈਲਟਾ ਵਿਚ ਬੇਘਰੇ ਲੋਕਾਂ ਦੀ ਗਿਣਤੀ ਪਿਛਲੇ ਤਿੰਨ ਸਾਲਾਂ ਵਿਚ ਦੁੱਗਣੇ ਤੋਂ ਵੀ ਜ਼ਿਆਦਾ ਵਧੀ ਹੈ। ਗਰੇਟਰ ਵੈਨਕੂਵਰ 2023 ਪੁਆਇੰਟ-ਇਨ-ਟਾਈਮ ਹੋਮਲੈਸ ਕਾਉਂਟ ਵਲੋਂ ਜਾਰੀ ਨਤੀਜਿਆਂ ਮੁਤਾਬਿਕਾ ਡੈਲਟਾ ਸਬ ਰੀਜ਼ਨ ਜਿਸ ਵਿਚ ਡੈਲਟਾ ਸ਼ਹਿਰ ਤੇ ਤਸਵਵਾਸਨ ਫਸਟ ਨੇਸ਼ਨ ਆਉਂਦਾ ਹੈ ਵਿਚ 2020 ਤੋਂ ਕੀਤੀ ਗਿਣਤੀ ਵਿਚ 159 ਫ਼ੀਸਦੀ ਦਾ ਵਾਧਾ ਦੇਖਿਆ ਗਿਆ ਹੈ। ਭਾਵੇਂ ਹਰੇਕ ਸ਼ਹਿਰ ਵਿਚ ਵਾਧਾ ਦੇਖਿਆ ਗਿਆ ਹੈ ਪਰ ਇਹ ਵਾਧਾ ਸਭ ਤੋਂ ਵੱਡਾ ਹੈ। ਵਾਈਟਰੌਕ ਵਿਚ 6 ਫ਼ੀਸਦੀ ਅਤੇ ਰਿਚਮੰਡ ਵਿਚ 91 ਫ਼ੀਸਦੀ ਵਾਧੇ ਨਾਲ ਕੁਲ ਵਾਧਾ 32 ਫ਼ੀਸਦੀ ਹੋਇਆ ਹੈ। ਗਿਣਤੀ ਜਿਹੜੀ ਸਮੁੱਚੇ ਲੋਅਰ ਮੇਨਲੈਂਡ ਵਿਚ 7 ਮਾਰਚ ਰਾਤ ਅਤੇ 8 ਮਾਰਚ ਨੂੰ ਦਿਨ ਸਮੇਂ ਤੇ ਸ਼ਾਮ ਨੂੰ ਕੀਤੀ ਗਈ ਵਿਚ 2020 ਵਿਚ ਮਿਲੇ 3634 ਵਿਅਕਤੀਆਂ ਦੇ ਮੁਕਾਬਲੇ 4821 ਬੇਘਰੇ ਲੋਕਾਂ ਦੀ ਪਛਾਣ ਕੀਤੀ ਗਈ। 2020 ਵਿਚ ਕੀਤੀ ਗਿਣਤੀ ਕੋਵਿਡ-19 ਨੂੰ ਮਹਾਂਮਾਰੀ ਐਲਾਨਣ ਤੋਂ ਕੁਝ ਦਿਨ੍ਹਾਂ ਪਹਿਲਾਂ ਦਾ ਸਮਾਂ ਸੀ। 18 ਸਾਲ ਪਹਿਲਾਂ ਸ਼ੁਰੂ ਕੀਤੀ ਗਈ ਲਗਾਤਾਰ ਗਿਣਤੀ ਵਿਚਕਾਰ ਇਹ ਸਭ ਤੋਂ ਵੱਡਾ ਵਾਧਾ ਹੈ। ਵੈਨਕੂਵਰ ਤੇ ਸਰੀ ਵਿਚ ਕ੍ਰਮਵਾਰ ਬੇਘਰੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ 2420 ਅਤੇ 1060 ਵਿਅਕਤੀ ਹਨ ਅਤੇ ਇਹ ਬੇਘਰ ਗਿਣੇ ਗਏ ਲੋਕਾਂ ਨਾਲੋਂ 70 ਫ਼ੀਸਦੀ ਜ਼ਿਆਦਾ ਹਨ।









# ਚਿਲੀਵੈਕ ਤਕ ਹਾਈਵੇਅ ਨੂੰ ਚੌੜਾ ਕਰਨ ਦੀ ਉਡੀਕ ਬਰਦਾਸ਼ਤ ਨਹੀਂ ਕਰ ਸਕਦਾ-ਕੌਂਸਲਰ

ਸਰੀ-ਇਸ ਮਹੀਨੇ ਵਿਚ ਇਹ ਦੂਸਰਾ ਮੌਕਾ ਹੈ ਜਦੋਂ ਚਿਲੀਵੈਕ ਦੀ ਕੌਂਸਲ ਨੇ ਸੂਬਾ ਸਰਕਾਰ ਦੇ ਪ੍ਰਤੀਨਿਧਾਂ ਤੋਂ ਹਾਈਵੇਅ ਨੂੰ ਚੌੜਾ ਕਰਨ ਦੇ ਪ੍ਰਾਜੈਕਟ ਬਾਰੇ ਜਾਣਕਾਰੀ ਮੰਗੀ ਹੈ ਪਰ ਚਿਲੀਵੈਕ ਤਕ ਪ੍ਰਾਜੈਕਟ ਦੇ ਵਿਸਥਾਰ ਸਬੰਧੀ ਸਮੇਂ ਦੀ ਹੱਦ ਬਾਰੇ ਕੁਝ ਵੀ ਸਪਸ਼ਟ ਨਹੀਂ। ਟਰਾਂਸਪੋਰਟੇਸ਼ਨ ਐਂਡ ਇਨਫਰਾਸਟਰੱਕਚਰ ਮੰਤਰਾਲਾ (ਐਮਓਆਈਟੀ) ਦੇ ਅਧਿਕਾਰੀ ਐਲੇਨਾ ਫਾਰਮਰ ਅਤੇ ਸਟੀਫੇਨ ਰੋਥਮੈਨ 10 ਅਕਤੂਬਰ ਨੂੰ ਹਾਈਵੇਅ ਚੌੜਾ ਕਰਨ, ਫਰੇਜ਼ਰ ਵੈਲੀ ਹਾਈਵੇਅ 1 ਕੋਰੀਡੌਰ ਇੰਪਰੂਵਮੈਂਟ ਪ੍ਰੋਗਰਾਮ ਅਤੇ 1 ਤੋਂ 4 ਪੜਾਵਾਂ ਨੂੰ ਸ਼ੁਰੂ ਕਰਨ ਦੇ ਪ੍ਰਾਜੈਕਟ ਬਾਰੇ ਪੇਸ਼ਕਾਰੀ ਨਾਲ ਕੌਂਸਲ ਚੈਂਬਰ ਵਿਚ ਮੌਜੂਦ ਸਨ। ਪੜਾਅ 3 ਏ ਲਈ ਉਸਾਰੀ ਦਾ ਕੰਮ ਅਗਲੇ ਸਾਲ ਸ਼ੁਰੂ ਹੋਣਾ ਹੈ ਪਰ ਇਹ ਚੌਥਾ ਪੜਾਅ ਦਾ ਮੁੱਦਾ ਸੀ ਜਿਥੇ ਚਿਲੀਵੈਕ ਵਿਚ ਹਾਈਵੇਅ 11 ਤੋਂ ਯਾਲੇ ਰੋਡ ਵੈਸਟ ਤਕ ਤਿੰਨ ਲੇਨਜ ਨੂੰ ਚੌੜਾ ਕੀਤਾ ਜਾਵੇਗਾ ਬਾਰੇ ਕੌਂਸਲ ਚਾਹੁੰਦੀ ਸੀ ਕਿ ਉਸ ਦੀ ਹੋਰ ਗੱਲ ਸੁਣੀ ਜਾਵੇ। ਚਿਲੀਵੈਕ ਤਕ ਕੰਮ ਨੂੰ ਪਹੁੰਚਣ ਲਈ ਕਿੰਨਾ ਸਮਾਂ



ਲੱਗੇਗਾ। ਇਹ ਮੁੱਖ ਰੂਪ ਵਿਚ ਕੌਂਸਲਰਾਂ ਲਈ ਪ੍ਰੇਸ਼ਾਨ ਕਰਨ ਵਾਲਾ ਸਵਾਲ ਸੀ। ਕੌਂਸਲਰ ਬਡ ਮਰਸਰ ਨੇ ਕਿਹਾ ਕਿ ਹਾਈਵੇਅ 1 ਨੂੰ ਚੌੜਾ ਕਰਨ ਸਬੰਧੀ ਪੇਸ਼ਕਾਰੀ ਸੁਣਨ ਪਿੱਛੋਂ ਉਹ ਆਸ ਤੇ ਨਿਰਾਸ਼ਾ ਵਿਚਕਾਰ ਲਟਕ ਰਿਹਾ ਸੀ। ਮਰਸਰ ਨੇ ਹਾਈਵੇਅ ਨੂੰ ਚੌੜਾ ਕਰਨ ਬਾਰੇ ਕਿਹਾ ਕਿ ਇਹ ਸੰਭਵ ਹੈ ਕਿ ਉਹ ਓਲਡ ਏਜ ਹੋਮ ਹੋਵੇਗਾ ਅਤੇ ਉਸ ਕੋਲ ਉਸ ਸਮੇਂ ਚਿਲੀਵੈਕ ਪਹੁੰਚਣ ਲਈ ਡਰਾਈਵਿੰਗ ਲਾਇਸੰਸ ਨਹੀਂ ਹੋਵੇਗਾ। ਇਸ ਵਿਚ ਸਮੇਂ ਦੀ ਹੱਦ ਨਹੀਂ ਦੱਸੀ ਗਈ। ਮਰਸਰ ਨੇ ਕਿਹਾ ਕਿ ਇਸ ਨਾਲ ਸਥਾਨਕ ਕਾਰੋਬਾਰ, ਟਰਾਂਸਪੋਰਟ ਤੇ ਵਣਜ ਪ੍ਰਭਾਵਤ ਹੋ ਰਿਹਾ ਹੈ। ਮੰਤਰਾਲੇ ਦੀ ਪ੍ਰਤੀਨਿਧ ਐਲੇਨਾ ਫਾਰਮਰ ਨੇ ਸਿਟੀ ਕੌਂਸਲਰ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਵੱਖ ਵੱਖ ਪ੍ਰਾਜੈਕਟ ਪੜਾਵਾਂ 'ਤੇ ਕੰਮ ਕਰਨਾ ਅਧਿਕਾਰੀਆਂ ਦੀ ਤਰਜੀਹ ਤੇ ਜ਼ਰੂਰੀ ਮਾਮਲਾ ਹੈ। ਇਹ ਪਹਿਲਾ ਮੌਕਾ ਨਹੀਂ ਜਦੋਂ ਕੌਂਸਲਰ ਕ੍ਰਿਸ ਕਲੂਚ ਨੇ ਜ਼ੋਰ ਦੇ ਕੇ ਕਿਹਾ ਕਿ ਚਿਲੀਵੈਕ ਤਕ ਹਾਈਵੇਅ ਨੂੰ ਜਲਦੀ ਚੌੜਾ ਕਰਨ ਦੀ ਲੋੜ ਹੈ। ਹਾਈਵੇਅ ਸਥਾਨਕ ਵਣਜ ਦੀ ਰੀੜ੍ਹ ਦੀ ਹੱਡੀ ਹੈ।

## ਬੀ.ਸੀ. ਫੈਰੀਜ਼ ਜਹਾਜ਼ ਦੇ ਵਾਸ਼ਰੂਮ ਵਿਚ ਅੱਗ ਲਗਾਏ ਜਾਣ ਪਿੱਛੋਂ ਕਿਸ਼ੋਰ ਗ੍ਰਿਫ਼ਤਾਰ

ਸਰੀ-ਪਿਛਲੇ ਦਿਨੀ ਬੀਸੀ ਫੈਰੀਜ਼ ਜਹਾਜ਼ ਦੇ ਵਾਸ਼ਰੂਮ ਵਿਚ ਅੱਗ ਲਗਾਏ ਜਾਣ ਪਿੱਛੋਂ ਜਹਾਜ਼ 'ਤੇ ਸਵਾਰ ਇਕ 16 ਸਾਲਾ ਮਰਦ ਕਿਸ਼ੋਰ ਨੂੰ ਆਰਸੀਐਮਪੀ ਨੇ ਗ੍ਰਿਫ਼ਤਾਰ ਕਰ ਲਿਆ। ਸ਼ਾਮ 8.30 ਵਜੇ ਸਿਡਨੀ/ਸਾਨਿਚ ਆਰਸੀਐਮਪੀ ਅਫਸਰਾਂ ਨੂੰ ਬੀਸੀ ਫੈਰੀਜ਼ ਨੇ ਚੌਕਸ ਕੀਤਾ ਕਿ ਇਕ ਵਿਅਕਤੀ ਨੇ ਬੀਸੀ ਫੇਰੀਜ਼ ਜਹਾਜ਼ ਦੇ ਵਾਸ਼ਰੂਮ ਵਿਚ ਅੱਗ ਲਗਾ ਦਿੱਤੀ ਹੈ। ਜਹਾਜ਼ ਨੂੰ ਸਵਾਰਟਜ਼ ਬੇਅ ਟਰਮੀਨਲ 'ਤੇ ਖੜਾ ਕਰ ਦਿੱਤਾ ਗਿਆ ਅਤੇ ਪੁਲਿਸ ਜਹਾਜ਼ ਵਿਚ ਸਵਾਰ ਹੋ ਗਈ ਤੇ ਕਿਸ਼ੋਰ ਨੂੰ ਗ੍ਰਿਫ਼ਤਾਰ ਕਰਕੇ ਜਹਾਜ਼ ਤੋਂ ਹੇਠਾਂ ਉਤਾਰ ਲਿਆ। ਕਾਰਪੋਰਲ ਅਲੈਕਸ ਬੇਰੂਬੇ ਨੇ ਇਕ ਬਿਆਨ ਵਿਚ ਕਿਹਾ ਕਿ ਅੱਗ ਨਾਲ ਕਿੰਨਾ ਨੁਕਸਾਨ ਹੋਇਆ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਨੌਜਵਾਨ ਨੂੰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਨੂੰ ਬਾਅਦ ਵਿਚ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## ਬੀਸੀ ਵਲੋਂ ਗੋਲਡ ਰਸ਼ ਟਾਊਨ ਨੇੜੇ ਕੈਰੀਬੂ ਗੋਲਡ ਮਾਈਨ ਨੂੰ ਹਰੀ ਝੰਡੀ

ਸਰੀ-ਸੂਬਾ ਮੰਤਰੀਆਂ ਦੇ ਸਾਂਝੇ ਫ਼ੈਸਲੇ ਪਿੱਛੋਂ ਇਤਿਹਾਸਕ ਬਾਰਕਵਿਲ ਨੇੜੇ ਵੈਲਜ਼ ਵਿਚ ਕੈਰੀਬੂ ਗੋਲਡ ਪ੍ਰਾਜੈਕਟ ਲਈ ਓਸੀਸਕੋ ਡਿਵੈਲਪਮੈਂਟ ਕਾਰਪੋਰੇਸ਼ਨ ਨੂੰ ਬੀਸੀ ਵਾਤਾਵਰਣ ਮੁਲਾਂਕਣ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ ਹੈ। ਸੂਬੇ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਬੀਸੀ ਦੇ ਵਾਤਾਵਰਣ ਮੁਲਾਂਕਣ ਦਫ਼ਤਰ ਵਲੋਂ ਵਿਚਾਰ ਕਰਨ ਪਿੱਛੋਂ ਵਾਤਾਵਰਣ ਅਤੇ ਪੌਣਪਾਣੀ ਤਬਦੀਲੀ ਰਣਨੀਤੀ ਬਾਰੇ ਮੰਤਰੀ ਜੌਰਜ ਹੇਮੈਨ ਅਤੇ ਊਰਜਾ, ਖਾਣਾ ਅਤੇ ਲੋਅ ਕਾਰਬਨ ਇਨੋਵੇਸ਼ਨ ਬਾਰੇ ਮੰਤਰੀ ਜੋਸੀ ਓਸਬੋਰਨ ਨੇ ਆਪਣਾ ਫ਼ੈਸਲਾ ਲਿਆ। ਕੈਰੀਬੂ ਗੋਲਡ ਬਾਰਕਵਿਲ ਤੋਂ ਛੇ ਕਿਲੋਮੀਟਰ ਪੂਰਬ ਵਿਚ ਕੁਏਸਨੇਲ ਤੋਂ 80 ਕਿਲੋਮੀਟਰ ਦੂਰ ਵੈਲਜ਼ ਵਿਚ ਇਕ ਪ੍ਰਸਤਾਵਤ ਜ਼ਮੀਨਦੋਜ ਖਾਣ ਹੈ। ਸਰਕਾਰ ਮੁਤਾਬਿਕ ਇਹ ਨਵੇਂ 2018 ਵਾਤਾਵਰਣ ਮੁਲਾਂਕਣ ਐਕਟ ਤਹਿਤ ਸਮੁੱਚੇ ਤੌਰ 'ਤੇ ਮੁਲਾਂਕਣ ਕੀਤਾ ਗਿਆ ਪਹਿਲਾ ਪ੍ਰਾਜੈਕਟ ਹੈ।

## ਮੋਟਰ ਸਾਈਕਲ ਹਾਦਸੇ 'ਚ ਵਿਅਕਤੀ ਦੀ ਮੌਤ

ਸਰੀ-ਨਿਊਟਨ ਵਿਚ ਇਕ ਸੜਕ ਦੁਰਘਟਨਾ ਵਿਚ ਮੋਟਰ ਸਾਈਕਲ ਸਵਾਰ ਦੀ ਮੌਤ ਹੋ ਗਈ। ਮਰਦ ਮੋਟਰਸਾਈਕਲ ਸਵਾਰ ਹਾਲ ਰੋਡ 'ਤੇ ਸ਼ਾਮ 6.30 ਵਜੇ ਦੱਖਣ ਵਾਲੇ ਪਾਸੇ ਨੂੰ ਜਾ ਰਿਹਾ ਸੀ ਜਦੋਂ ਉਹ ਉੱਤਰ ਵਾਲੇ ਪਾਸੇ ਨੂੰ ਜਾ ਰਹੀ ਹੁੰਡਈ ਸੋਨਾਟਾ ਨਾਲ ਟਕਰਾ ਗਿਆ। ਸੋਨਾਟਾ ਦੀ ਔਰਤ ਡਰਾਈਵਰ ਮੌਕੇ 'ਤੇ ਮੌਜੂਦ ਰਹੀ ਹੈ ਅਤੇ ਉਸ ਨੇ ਜਾਂਚ ਵਿਚ ਪੁਲਿਸ ਨਾਲ ਸਹਿਯੋਗ ਕੀਤਾ। ਆਰਸੀਐਮਪੀ ਦੀ ਰਿਲੀਜ਼ ਵਿਚ ਸਟਾਫ ਸਾਰਜੈਂਟ ਬਰੈਡ ਐਸੈਕਸ ਨੇ ਕਿਹਾ ਕਿ ਇਸ ਦੁਰਘਟਨਾ ਲਈ ਜ਼ਿੰਮੇਵਾਰ ਕਾਰਨ ਵਿਚ ਸ਼ਰਾਬ ਅਤੇ ਨਸ਼ੇ ਦੀ ਵਰਤੋਂ ਵਾਲੀ ਗੱਲ ਨਹੀਂ ਲਗਦੀ। ਸਰੀ ਆਰਸੀਐਮਪੀ ਨੇ ਕਿਹਾ ਕਿ ਸ਼ਾਮ 6.15 ਤੋਂ ਸ਼ਾਮ 7.00 ਵਜੇ ਤਕ ਇਲਾਕੇ ਵਿਚ ਮੌਜੂਦ ਕਿਸੇ ਵੀ ਵਿਅਕਤੀ ਨੂੰ ਇਸ ਸਬੰਧੀ ਜਾਣਕਾਰੀ ਹੋਵੇ ਜਾਂ ਡੈਸ਼ ਕੈਮ ਫੁੱਟੇਜ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

# ਚਿਲੀਵੈਕ ਨੇੜੇ ਛੋਟਾ ਜਹਾਜ਼ ਦੁਰਘਟਨਾ ਗ੍ਰਸਤ-ਤਿੰਨ ਮਰੇ

ਸਰੀ-ਬ੍ਰਿਟਿਸ਼ ਕੋਲੰਬੀਆ ਦੇ ਚਿਲੀਵੈਕ ਸ਼ਹਿਰ ਵਿਚ ਇਕ ਛੋਟੇ ਜਹਾਜ਼ ਦੇ ਦੁਰਘਟਨਾ ਗ੍ਰਸਤ ਹੋਣ ਨਾਲ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਆਰਸੀਐਮਪੀ ਨੇ



ਦੱਸਿਆ ਕਿ ਉਨ੍ਹਾਂ ਨੂੰ ਰਿਪੋਰਟ ਮਿਲੀ ਕਿ ਵੈਨਕੂਵਰ ਤੋਂ 100 ਕਿਲੋਮੀਟਰ ਦੂਰ ਚਿਲੀਵੈਕ ਵਿਚ ਏਅਰਪੋਰਟ ਨੇੜੇ ਸ਼ਾਮ 2 ਵਜੇ ਇਕ ਜਹਾਜ਼ ਹੇਠਾਂ ਡਿਗ ਪਿਆ ਹੈ। ਪੁਲਿਸ, ਫਾਇਰ ਬ੍ਰਿਗੇਡ ਤੇ ਬੀਸੀ ਐਮਰਜੈਂਸੀ ਸਿਹਤ ਸੇਵਾਵਾਂ ਤੁਰੰਤ ਮੌਕੇ 'ਤੇ ਪੁੱਜੀਆਂ। ਪੁਲਿਸ ਨੇ ਬਿਆਨ ਵਿਚ ਕਿਹਾ ਕਿ ਅਫਸੋਸ ਦੀ ਗੱਲ ਇਹ ਹੈ ਕਿ ਜਹਾਜ਼ 'ਤੇ ਸਵਾਰ ਤਿੰਨੇ ਵਿਅਕਤੀਆਂ ਦੀ ਮੌਤ ਹੋ ਗਈ। ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਦੱਸਿਆ ਕਿ ਪਾਈਪਰ ਪੀਏ34 ਦੇ ਦੁਰਘਟਨਾ ਗ੍ਰਸਤ ਹੋਣ ਦੀ ਜਾਂਚ ਲਈ ਉਹ ਫ੍ਰੇਜ਼ਰ ਵੈਲੀ ਵਿਚ ਮੌਕ 'ਤੇ ਜਾਂਚ ਅਧਿਕਾਰੀਆਂ ਦੀ ਟੀਮ ਭੇਜ ਰਿਹਾ ਹੈ। ਕੋਰੋਨਰ ਵੀ ਦੁਰਘਟਨਾ ਦੀ ਜਾਂਚ ਕਰ ਰਿਹਾ ਹੈ।

## ਇਜ਼ਰਾਈਲ ਵਿਚ ਸੰਗੀਤ ਸਮਾਰੋਹ ਵਿਚ ਮਾਰੇ ਗਏ ਸੈਂਕੜੇ ਲੋਕਾਂ 'ਚ ਬੀਸੀ ਦਾ ਵਿਅਕਤੀ ਸ਼ਾਮਿਲ

ਵੈਨਕੂਵਰ-ਇਜ਼ਰਾਈਲ-ਫਲਸਤੀਨ ਦੇ ਡੂੰਘੇ ਹੋ ਰਹੇ ਸੰਘਰਸ਼ ਦਰਮਿਆਨ ਇਜ਼ਰਾਈਲ ਵਿਚ ਹਾਮਾਸ ਵਲੋਂ 7 ਅਕਤੂਬਰ ਨੂੰ ਕੀਤੇ ਗਏ ਭਿਆਨਕ ਹਮਲੇ ਵਿਚ ਮਾਰੇ ਗਏ ਸੈਂਕੜੇ ਲੋਕਾਂ ਵਿਚ ਵੈਨਕੂਵਰ ਦਾ ਵਾਸੀ ਇਕ ਵਿਅਕਤੀ ਵੀ ਸ਼ਾਮਿਲ ਸੀ। ਉਹ ਇਜ਼ਰਾਈਲ ਦੇ ਸੰਘਰਸ਼ ਵਿਚ ਮਰਨ ਵਾਲਾ ਦੂਸਰਾ ਕੈਨੇਡੀਅਨ ਹੈ। ਵੈਨਕੂਵਰ ਵਿਚ ਯਹੂਦੀ ਹਾਈ ਸਕੂਲ ਜਿਥੇ ਉਹ ਪੜ੍ਹਦਾ ਰਿਹਾ ਵਲੋਂ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਮੁਤਾਬਿਕ ਜਦੋਂ 22 ਸਾਲਾ ਬੇਨ ਮਿਜ਼ਰਾਚੀ ਨੂੰ ਗੋਲੀ ਮਾਰੀ ਗਈ ਤਾਂ ਉਹ ਸੰਗੀਤ ਸਮਾਰੋਹ ਵਿਚ ਸ਼ਾਮਿਲ ਹੋ ਰਿਹਾ ਸੀ। ਕਿੰਗ ਡੇਵਿਡ ਹਾਈ ਸਕੂਲ ਦੇ ਮੁੱਖੀ ਰੂਸ ਕਲੇਨ ਨੇ ਪੋਸਟ ਵਿਚ ਲਿਖਿਆ ਕਿ ਬੇਨ ਉਮਰ ਤੋਂ ਸੋਚ ਵਿਚ ਵੱਡਾ ਸੀ ਅਤੇ ਇਕ ਵੱਡੀ ਸ਼ਖਸੀਅਤ ਉਸ ਦੇ ਆਕਾਰ ਨਾਲ ਮੇਲ ਖਾਂਦੀ ਸੀ। ਉਹ ਖੁਸ਼ੀ ਨਾਲ ਭਰਿਆ ਹੋਇਆ ਸੀ ਹਰ ਇਕ ਲਈ ਮੁਸਕਰਾਉਂਦਾ ਸੀ ਅਤੇ ਹਮੇਸ਼ਾ ਮਦਦ ਲਈ ਤਿਆਰ ਰਹਿੰਦਾ ਸੀ। ਬੇਨ ਹਰ ਇਕ ਦਾ ਦੋਸਤ ਸੀ ਅਤੇ ਆਈਡੀਐਫ ਵਿਚ ਉਸ ਦੀ ਸੇਵਾ 'ਤੇ ਮਾਣ ਸੀ। ਇਜ਼ਰਾਈਲੀ ਵਿਅਕਤੀਆਂ ਨੂੰ ਘੱਟੋ ਘੱਟ 32 ਮਹੀਨੇ ਇਜ਼ਰਾਈਲ ਫ਼ੌਜ ਵਿਚ ਨੌਕਰੀ ਕਰਨੀ ਪੈਂਦੀ ਹੈ। ਵੈਨਕੂਵਰ-ਗਰੈਨਵਿਲ ਐਮਪੀ ਤਾਲੀਬਨੂਰ ਮੁਹੰਮਦ ਨੇ ਸੋਸ਼ਲ ਮੀਡੀਆ 'ਤੇ ਮਿਜ਼ਰਾਚੀ ਦੀ ਮੌਤ 'ਤੇ ਦੁੱਖ ਜ਼ਾਹਿਰ ਕੀਤਾ ਹੈ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# 20 ਕਰੋੜ ਡਾਲਰ ਸੋਨੇ ਦੀ ਚੋਰੀ ਲਈ ਚੋਰ ਨੇ ਜਾਅਲੀ ਦਸਤਾਵੇਜ਼ਾਂ ਦੀ ਕੀਤੀ ਸੀ ਵਰਤੋਂ-ਮੁਕੱਦਮੇ ਵਿਚ ਦਾਅਵਾ

ਟੋਰਾਂਟੋ-ਅਪ੍ਰੈਲ ਮਹੀਨੇ ਬੂੰਦਾ-ਬਾਂਦੀ ਵਾਲੇ ਦਿਨ ਚੋਰ ਪੀਅਰਸਨ ਏਅਰਪੋਰਟ ਵਿਖੇ ਏਅਰ ਕੈਨੇਡਾ ਦੇ ਸ਼ੀਸ਼ੇ ਦੇ ਬਣੇ ਵੇਅਰਹਾਊਸ ਵਿਚ ਟਹਿਲਦਾ ਰਿਹਾ ਅਤੇ ਜਾਅਲੀ ਦਸਤਾਵੇਜ਼ ਪੇਸ਼ ਕਰਕੇ 23 ਮਿਲੀਅਨ ਡਾਲਰ ਦਾ ਸੋਨਾ ਤੇ ਨਕਦੀ ਲੈ ਕੇ ਤੁਰਦਾ ਬਣਿਆਂ। ਇਹ ਦਾਅਵਾ ਪਿਛਲੇ ਬਸੰਤ ਮੌਸਮ ਵਿਚ ਟੋਰਾਂਟੋ ਵਿਚ ਸੋਨੇ ਦੀ ਚੋਰੀ ਪਿੱਛੋਂ ਬਰਿੰਕਸ ਇੰਕ ਵਲੋਂ ਕੈਨੇਡਾ ਦੀ ਸਭ ਤੋਂ ਵੱਡੀ ਏਅਰਲਾਈਨ ਖਿਲਾਫ ਦਾਇਰ ਮੁਕੱਦਮੇ ਵਿਚ ਕੀਤਾ ਹੈ। ਅਦਾਲਤੀ ਫਾਈਲਾਂ ਮੁਤਾਬਿਕ ਅਮਰੀਕੀ ਸਕਿਉਰਟੀ ਕੰਪਨੀ ਨੇ ਕਿਹਾ ਕਿ ਅਣਪਛਾਤੇ ਵਿਅਕਤੀ ਨੇ 17 ਅਪ੍ਰੈਲ ਨੂੰ ਏਅਰਲਾਈਨ ਦੇ ਕਾਰਗੋ ਵੇਅਰਹਾਊਸ ਤਕ ਪਹੁੰਚ ਕੀਤੀ ਅਤੇ ਏਅਰ ਕੈਨੇਡਾ ਦੇ ਮੁਲਾਜ਼ਮ ਕੋਲ ਜਾਅਲੀ ਬਿੱਲ ਪੇਸ਼ ਕੀਤੇ। ਸਟਾਫ ਨੇ ਤਦ 400 ਕਿਲੋ ਸੋਨਾ ਜਿਸ ਦੀ ਮੋਟੇ ਤੌਰ 'ਤੇ ਕੀਮਤ ਲਗਪਗ 13.6 ਮਿਲੀਅਨ ਸਵਿਸ ਫਰੈਂਕ ਜਾਂ 20 ਮਿਲੀਅਨ ਡਾਲਰ ਤੋਂ ਜ਼ਿਆਦਾ ਹੈ ਅਤੇ 20 ਲੱਖ ਡਾਲਰ ਦੀ ਨਕਦੀ ਚੋਰ ਦੇ ਹੱਥ ਫੜਾ ਦਿੱਤੀ ਜਿਹੜਾ ਤੁਰੰਤ ਲੈ ਕੇ ਰਫੂਚੱਕਰ ਹੋ ਗਿਆ। ਇਕਰਾਰਨਾਮੇ ਦੀ ਉਲੰਘਣਾ ਦਾ ਦਾਅਵਾ ਕਰਦਿਆਂ ਬਰਿੰਕ ਹਰਜਾਨੇ ਦੇ ਨਾਲ ਨਾਲ ਵਿਸ਼ੇਸ਼ ਹਰਜਾਨੇ ਤੇ ਖਰਚ ਬਦਲੇ 23 ਮਿਲੀਅਨ ਡਾਲਰ ਦੀ ਮੰਗ ਕਰ ਰਹੀ ਹੈ।

# ਮਨੀਟੋਬਾ ਪੀਸੀ ਕੌਕਸ ਵਲੋਂ ਸਟੀਫਨਸਨ ਦੇ ਨੇਤਾ ਬਣੇ ਰਹਿਣ ਦੇ ਫ਼ੈਸਲੇ ਦਾ ਸਮਰਥਨ

ਵਿਨੀਪੈਗ-ਮਨੀਟੋਬਾ ਪ੍ਰੋਗਰੈਸਿਵ ਕੰਸਰਵੇਟਿਵ ਲੈਜਿਸਲੇਚਰ ਮੈਂਬਰਾਂ ਨੇ ਪਿਛਲੇ ਹਫ਼ਤੇ ਦੀਆਂ ਚੋਣਾਂ ਵਿਚ ਹਾਰਨ ਪਿੱਛੋਂ ਪਹਿਲੀ ਵਾਰ ਮੀਟਿੰਗ ਕੀਤੀ। ਕੌਕਸ ਦੇ ਚੇਅਰ ਰੋਨ ਸ਼ੁਲਰ ਨੇ ਕਿਹਾ ਕਿ ਜਦੋਂ ਤਕ ਜਾਨਸ਼ੀਨ ਦੀ ਚੋਣ ਨਹੀਂ ਹੁੰਦੀ ਉਹ ਪਾਰਟੀ ਨੇਤਾ ਹੈਦਰ ਸਟੀਫਨਸਨ ਦੇ ਨੇਤਾ ਵਜੋਂ ਬਣੇ ਰਹਿਣ ਦੇ ਫ਼ੈਸਲੇ ਦਾ ਪੂਰਾ ਸਮਰਥਨ ਕਰਦਾ ਹੈ। ਨਵੇਂ ਜਾਨਸ਼ੀਨ ਦੀ ਚੋਣ ਨੂੰ ਇਕ ਸਾਲ ਤੋਂ ਵੀ ਜ਼ਿਆਦਾ ਸਮਾਂ ਲੱਗ ਸਕਦਾ ਹੈ। ਸਟੀਫਨਸਨ ਨੇ ਚੋਣਾਂ ਵਾਲੀ ਰਾਤ ਐਲਾਨ ਕੀਤਾ ਸੀ ਕਿ ਉਹ ਨੇਤਾ ਵਜੋਂ ਅਹੁਦੇ ਤੋਂ ਹਟ ਜਾਵੇਗੀ ਪਰ ਉਹ ਇਸੇ ਅਹੁਦੇ 'ਤੇ ਉਦੋਂ ਤਕ ਬਣੀ ਰਹੇਗੀ ਜਦੋਂ ਤਕ ਪਾਰਟੀ ਹੋਰ ਆਗੂ ਨਹੀਂ ਚੁਣ ਲੈਂਦੀ। ਉਨ੍ਹਾਂ ਕਿਹਾ ਕਿ ਟੋਰੀਜ਼ ਰਹਿਣ ਸਹਿਣ ਦੀ ਲਾਗਤ ਅਤੇ ਸਰਕਾਰ ਦੇ ਵਿੱਤ ਵਰਗੇ ਮੁੱਦਿਆਂ 'ਤੇ ਐਨਡੀਪੀ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਕੰਮ ਕਰੇਗੀ। ਨਵੇਂ ਬਣ ਰਹੇ ਪ੍ਰੀਮੀਅਰ ਵੈਬ ਕਿਨਿਊ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਵਲੋਂ ਅਗਲੇ ਹਫ਼ਤੇ ਸਹੁੰ ਚੁੱਕ ਲੈਣ ਦੀ ਆਸ ਹੈ ਅਤੇ ਲੈਜਿਸਲੇਚਰ ਦੇ ਨਵੰਬਰ ਵਿਚ ਬੈਠਕ ਕਰਨ ਦੀ ਆਸ ਹੈ।

# ਮੇਅਰ ਲੋਕ ਨੇ ਵਿਕਟੋਰੀਆ ਦੇ ਨੌਕਰਸ਼ਾਹ ਦੇ ਘਟੀਆ ਪੱਤਰ ਦੀ ਕੀਤੀ ਨਿਖੇਧੀ

ਸਫ਼ਾ 1 ਦੀ ਬਾਕੀ

ਜੇਕਰ ਮੰਤਰੀ ਸਾਨੂੰ ਕੁਝ ਕਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਕਹਿਣ ਦਾ ਸਵਾਗਤ ਹੈ ਪਰ ਇਕ ਨੌਕਰਸ਼ਾਹ ਵਲੋਂ ਪੱਤਰ ਲਿਖਣਾ ਪ੍ਰੋਟੋਕੋਲ ਤੋਂ ਥੋੜਾ ਬਾਹਰ ਹੈ। ਅਸਿਸਟੈਂਟ ਡਿਪਟੀ ਮਨਿਸਟਰ ਗਲੇਨ ਲੇਵਿਸ ਨੇ ਆਪਣੇ 4 ਅਕਤੂਬਰ ਨੂੰ ਲੋਕ ਨੂੰ ਲਿਖੇ ਪੱਤਰ ਵਿਚ ਮਹੱਤਵਪੂਰਣ ਕੰਮ ਦੀ ਸੂਚੀ ਦਿੱਤੀ ਜਿਹੜੇ ਜੁਲਾਈ ਵਿਚ ਸ਼ਹਿਰ ਨੂੰ ਇਹ ਸਲਾਹ ਦੇਣ ਸਮੇਂ ਸਰਕਾਰ ਦੇ ਸੀਨੀਅਰ ਪੱਧਰ 'ਤੇ ਕੀਤੇ ਗਏ ਕਿ ਉਹ ਸਰੀ ਪੁਲਿਸ ਸਰਵਿਸ ਦੀ ਟਰਾਂਜ਼ੀਸ਼ਨ ਜਾਰੀ ਰੱਖੇ ਪਰ ਮਿਊਂਸਪਲ ਪੱਧਰ ਵਿਖੇ ਬਹੁਤ ਥੋੜਾ ਕੁਝ ਕੀਤਾ ਗਿਆ ਹੈ। ਲੇਵਿਸ ਨੇ ਲਿਖਿਆ ਕਿ ਇਹ ਮੇਰਾ ਨਿਰੀਖਣ ਹੈ ਕਿ ਇਹ ਲੀਡਰਸ਼ਪਿ ਦੀ ਘਾਟ ਅਤੇ ਸਿਟੀ ਕੌਂਸਲ ਅਤੇ ਸਿਟੀ ਸਟਾਫ ਦੀ ਸ਼ਮੂਲੀਅਤ ਦੀ ਘਾਟ ਕਾਰਨ ਹੀ ਪ੍ਰਗਤੀ ਘੱਟ ਹੋਈ ਤੇ ਦੇਰੀ ਹੋਈ ਹੈ। ਮੇਰੇ ਵਿਚਾਰ ਮੁਤਾਬਿਕ ਸਿਟੀ ਸਟਾਫ ਅੱਜ ਦੀ ਤਾਰੀਕ ਤਕ ਇਸ ਕੰਮ ਦੇ ਚੋਣਵੇਂ ਪਹਿਲੂਆਂ ਵਿਚ ਬਹੁਤ ਘੱਟ ਸ਼ਾਮਿਲ ਹੈ ਅਤੇ ਇਹ ਲਗਦਾ ਹੈ ਕਿ ਟਰਾਂਜ਼ੀਸ਼ਨ ਵਿਚ ਪ੍ਰਗਤੀ ਲਈ ਮੇਅਰ ਅਤੇ ਕੌਂਸਲ ਵਲੋਂ ਸਪਸ਼ਟ ਨਿਰਦੇਸ਼ਾਂ ਦੀ ਘਾਟ ਹੈ। ਲੇਵਿਸ ਨੇ ਅੱਗੇ ਕਿਹਾ ਕਿ ਸਿਟੀ ਸਟਾਫ ਲਗਾਤਾਰ ਆਪਣੇ ਭਾਈਵਾਲਾਂ ਨੂੰ ਦੱਸਦਾ ਹੈ ਕਿ ਉਨ੍ਹਾਂ ਨੂੰ ਹਦਾਇਤ ਕੀਤੀ ਹੋਈ ਕਿ ਜਦੋਂ ਤਕ ਕੌਂਸਲ ਉਨ੍ਹਾਂ ਨੂੰ ਹਦਾਇਤ ਕਰਦੀ ਉਦੋਂ ਤਕ ਉਹ ਟਰਾਂਜ਼ੀਸ਼ਨ ਦੇ ਕਿਸੇ ਅਰਥਪੂਰਨ ਕੰਮ ਵਿਚ ਸ਼ਾਮਿਲ ਨਾ ਹੋਣ। ਲੋਕ ਨ ਇਸ ਦੇ ਜਵਾਬ ਵਿਚ ਕਿਹਾ ਕਿ ਮੇਰਾ ਖਿਆਲ ਹੈ ਕਿ ਇਹ ਘਟੀਆ ਪੱਤਰ ਹੈ ਅਤੇ ਜਿਵੇਂ ਉਸ ਨੇ ਕਿਹਾ ਹੈ ਕਿ ਉਹ ਨੌਕਰਸ਼ਾਹ ਹੈ ਅਤੇ ਉਹ ਸ਼ਹਿਰ ਦੇ ਮੇਅਰ ਨੂੰ ਇਹ ਹਦਾਇਤ ਨਹੀਂ ਦੇ ਰਿਹਾ ਕਿ ਉਸ ਨੇ ਕੀ ਕਰਨਾ ਹੈ। ਪਿਛਲੇ ਮਹੀਨੇ ਐਸਪੀਐਸ ਦੇ ਚੀਫ਼ ਕੰਸਟੇਬਲ ਨੌਰਮ ਲਿਪਿੰਸਕੀ ਅਤੇ ਸਰੀ ਆਰਸੀਐਮਪੀ ਸਹਾਇਕ ਕਮਿਸ਼ਨਰ ਬਰਾਇਨ ਐਡਵਾਰਡਸ ਦੇ ਸਵਾਲਾਂ ਪਿੱਛੋਂ ਲੋਕ ਨੇ ਕਿਹਾ ਸੀ ਕਿ ਲੀਡਰਸ਼ਿਪ ਦੀ ਗੇਂਦ ਸੂਬੇ ਦੀ ਵਿਹੜੇ ਵਿਚ ਹਨ ਅਤੇ ਸੂਬੇ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅੱਗੇ ਵਧਣ ਦਾ ਰਸਤਾ ਹੋਵੇ।

# ਅਲਟੀਮੇਟਮ ਦੇ ਬਾਵਜੂਦ ਕੈਨੇਡਾ ਨੇ ਭਾਰਤ 'ਚੋਂ ਆਪਣੇ ਵਾਧੂ ਡਿਪਲੋਮੈਟ ਵਾਪਸ ਨਹੀਂ ਬੁਲਾਏ

ਸਫ਼ਾ 1 ਦੀ ਬਾਕੀ

ਕਰਨ ਦੀ ਵਕਾਲਤ ਕਰਨ ਵਾਲੇ ਹਰਦੀਪ ਸਿੰਘ ਨਿੱਝਰ ਦੇ ਗੈਂਗਲੈਂਡ ਸ਼ੈਲੀ ਵਾਲੇ ਕਤਲ ਲਈ ਭਾਰਤ ਸਰਕਾਰ ਦੇ ਏਜੰਟ ਜ਼ਿੰਮੇਵਾਰ ਹਨ। ਜੂਨ ਮਹੀਨੇ ਉਸ ਦੀ ਸਰੀ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪ੍ਰਧਾਨ ਮੰਤਰੀ ਦੇ ਹੈਰਾਨ ਕਰਨ ਵਾਲੇ ਐਲਾਨ ਪਿੱਛੋਂ ਓਟਵਾ ਨੇ ਇਕ ਭਾਰਤੀ ਕੂਟਨੀਤਕ ਅਤੇ ਸੀਨੀਅਰ ਖ਼ੁਫ਼ੀਆ ਅਧਿਕਾਰੀ ਨੂੰ ਤੁਰੰਤ ਕੱਢ ਦਿੱਤਾ ਸੀ ਅਤੇ ਨਵੀਂ ਦਿੱਲੀ ਨੇ ਵੀ ਇਸੇ ਤਰ੍ਹਾਂ ਦੀ ਜਵਾਬੀ ਕਾਰਵਾਈ ਕੀਤੀ ਸੀ। ਇਸ ਪਿੱਛੋਂ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਜਿਨ੍ਹਾਂ ਵਿਚ ਈ-ਵੀਜ਼ਾ ਅਤੇ ਹੋਰਨਾਂ ਦੇਸ਼ਾਂ ਵਿਚ ਕੈਨੇਡੀਅਨ ਨਾਗਰਿਕਾਂ ਨੂੰ ਜਾਰੀ ਕੀਤਾ ਜਾਂਦਾ ਵੀਜ਼ਾ ਵੀ ਸ਼ਾਮਿਲ ਹੈ। ਇਸ ਤੋਂ ਪਹਿਲਾਂ ਕੈਨੇਡਾ ਨੇ ਭਾਰਤ ਨਾਲ ਮੁਕਤ ਵਪਾਰ ਗੱਲਬਾਤ ਅਤੇ ਭਾਰਤ ਲਈ ਕੈਨੇਡੀਅਨ ਵਪਾਰਕ ਮਿਸ਼ਨ ਨੂੰ ਮੁਅੱਤਲ ਕਰ ਦਿੱਤਾ ਸੀ। 21 ਸਤੰਬਰ ਨੂੰ ਡਿਪਾਰਟਮੈਂਟ ਆਫ ਗਲੋਬਲ ਅਫੇਅਰਜ਼ ਨੇ ਆਪਣੇ ਮੁਲਾਜ਼ਮਾਂ ਦੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਐਲਾਨ ਕੀਤਾ ਸੀ ਕਿ ਉਹ ਭਾਰਤ ਵਿਚ ਆਪਣੇ ਕੂਟਨੀਤਕ ਮਿਸ਼ਨਾਂ ਵਿਚ ਸਟਾਫ ਦਾ ਪੱਧਰ ਘੱਟ ਕਰ ਰਿਹਾ ਹੈ ਕਿਉਂਕਿ ਕੁਝ ਭਾਰਤੀ ਮੀਡੀਆ ਕੈਨੇਡਾ ਖਿਲਾਫ ਭਾਵਨਾਵਾਂ ਭੜਕਾ ਰਿਹਾ ਹੈ। ਬੁੱਧਵਾਰ ਸਰਕਾਰ ਦੇ ਸੀਨੀਅਰ ਅਧਿਕਾਰੀ ਨੇ ਦੀ ਗਲੋਬ ਨੂੰ ਦੱਸਿਆ ਕਿ ਇਹ ਵਾਪਸੀ ਸਿਰਫ ਸਟਾਫ ਵਿਚ ਤਬਦੀਲੀਆਂ ਹਨ ਜਿਹੜੀਆਂ ਭਾਰਤ ਵਿਚ ਕੀਤੀਆਂ ਗਈਆਂ ਹਨ। ਓਟਵਾ ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਕਿ ਭਾਰਤ ਵਿਚ ਕਿੰਨੇ ਕੈਨੇਡੀਅਨ ਕੂਟਨੀਤਕ ਕੰਮ ਕਰਦੇ ਹਨ ਜਦਕਿ ਕੈਨੇਡਾ ਦੇ ਨਵੀਂ ਦਿੱਲੀ, ਬੈਂਗਲੂਰੂ, ਚੰਡੀਗੜ੍ਹ ਅਤੇ ਮੁੰਬਈ ਵਿਚ ਮਿਸ਼ਨ ਅਤੇ ਅਹਿਮਦਾਬਾਦ, ਚੇਨਈ, ਹੈਦਰਾਬਾਦ ਅਤੇ ਕੋਲਕਾਤਾ ਵਿਚ ਵਪਾਰਕ ਦਫ਼ਤਰ ਹਨ। ਨਵੀਂ ਦਿੱਲੀ ਵਿਚ ਕੈਨੇਡਾ ਦੇ ਹਾਈ ਕਮਿਸ਼ਨ ਜਾਂ ਦੂਤਘਰ ਦੇ 2020 ਦੇ ਆਡਿਟ ਦਾ ਕਹਿਣਾ ਕਿ ਇਥੇ 61 ਮੈਂਬਰੀ ਕੈਨੇਡੀਅਨ ਸਟਾਫ ਕੰਮ ਕਰਦਾ ਹੈ। ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਪੱਤਰਕਾਰਾਂ ਕੋਲ ਮਾਮਲੇ 'ਤੇ ਚਰਚਾ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਗੱਲਬਾਤ ਨਿੱਜੀ ਰਹੇ ਤਾਂ ਕੂਟਨੀਤੀ ਹਮੇਸ਼ਾ ਬਿਹਤਰ ਹੁੰਦੀ ਹੈ। ਜਦੋਂ ਭਾਰਤ ਦੀ ਗੱਲ ਆਉਂਦੀ ਹੈ ਤਾਂ ਉਹ ਇਹ ਪਹੁੰਚ ਅਪਨਾਉਣੀ ਜਾਰੀ ਰੱਖੇਗੀ। ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਦੁਵੱਲੇ ਸਬੰਧ ਬਹੁਤ ਹੀ ਚੁਣੌਤੀਪੂਰਣ ਹਨ ਅਤੇ ਉਨ੍ਹਾਂ ਨੇ ਭਾਰਤ ਸਰਕਾਰ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਡਿਪਲੋਮੈਟਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਸੀ। ਓਟਵਾ ਦੇ ਡਿਪਾਰਟਮੈਂਟ ਆਫ ਗਲੋਬਲ ਅਫੇਅਰਜ਼ ਵਲੋਂ ਰੱਖੀ ਜਾਂਦੀ ਸੂਚੀ ਮੁਤਾਬਿਕ ਕੈਨੇਡਾ ਵਿਚ 60 ਤੋਂ ਵੀ ਜ਼ਿਆਦਾ ਭਾਰਤੀ ਐਕਰਾਡੇਟਿਡ ਡਿਪਲੋਮੈਟਸ ਹਨ ਜਿਨ੍ਹਾਂ ਵਿਚ ਤਿੰਨ ਉਹ ਵੀ ਸ਼ਾਮਿਲ ਹਨ ਜਿਹੜੇ ਨਾਨ-ਰੈਜ਼ੀਡੈਂਟਸ ਵਜੋਂ ਮਨੋਨੀਤ ਕੀਤੇ ਗਏ ਹਨ। ਟਰੂਡੋ ਸਰਕਾਰ ਅਤੇ ਅਮਰੀਕਾ ਸਮੇਤ ਇਸ ਦੇ ਕਈ ਪੱਛਮੀ ਭਾਈਵਾਲਾਂ ਨੇ ਭਾਰਤ ਨੂੰ ਨਿੱਝਰ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਦੀ ਗ੍ਰਿਫ਼ਤਾਰੀ ਵਿਚ ਮਦਦ ਲਈ ਕੈਨੇਡਾ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਅਮਰੀਕਾ, ਬ੍ਰਿਟੇਨ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਬਣੇ ਗੱਠਜੋੜ ਫਾਈਵ ਆਈਜ਼ ਦੀ ਖ਼ੁਫੀਆ ਜਾਣਕਾਰੀ ਇਸ ਸਬੂਤ ਦਾ ਹਿਸਾ ਹਨ ਕਿ ਹੱਤਿਆ ਵਿਚ ਭਾਰਤੀ ਏਜੰਟਾਂ ਦੀ ਸੰਭਾਵਤ ਸ਼ਮੂਲੀਅਤ ਸੀ। ਪ੍ਰਧਾਨ ਮੰਤਰੀ ਨੇ ਇਹ ਨਹੀਂ ਕਿਹਾ ਕਿ ਕੈਨੇਡਾ ਸਰਕਾਰ ਦੇ ਦੋਸ਼ਾਂ ਨੂੰ ਪੁਖਤਾ ਕਰਨ ਲਈ ਗੁਪਤ ਖ਼ੁਫੀਆ ਜਾਣਕਾਰੀ ਰਿਲੀਜ ਕੀਤੀ ਜਾਵੇਗੀ ਜਾਂ ਨਹੀਂ ਕਿ ਨਿੱਝਰ ਦੇ ਕਤਲ ਪਿੱਛੇ ਭਰਤ ਦੇ ਏਜੰਟ ਸਨ। ਬਰਤਾਨੀਆ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਨੇ ਜਨਤਕ ਰੂਪ ਵਿਚ ਵੀਡੀਓ ਸਬੂਤ ਸਮੇਤ ਖ਼ੁਫ਼ੀਆ ਜਾਣਕਾਰੀ ਰਿਲੀਜ਼ ਕੀਤੀ ਸੀ ਜਦੋਂ ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਦੇ ਦੇਸ਼ਾਂ ਵਿਚ ਕ੍ਰਮਵਾਰ ਰੂਸ. ਸਾਊਦੀ ਅਰਬ ਅਤੇ ਇਸਰਾਈਲ ਨੇ ਕਤਲਾਂ ਲਈ ਏਜੰਟਾਂ ਨੂੰ ਪ੍ਰਵਾਨਗੀ ਦਿੱਤੀ ਸੀ।

# ਪੰਜਾਬ ਸਰਕਾਰ ਵੱਲੋਂ ਸੱਦਿਆ ਦੋ ਦਿਨਾਂ ਵਿਧਾਨ ਸਭਾ ਵਿਸ਼ੇਸ਼ ਸੈਸ਼ਨ ਗ਼ੈਰਕਾਨੂੰਨੀ-ਰਾਜਪਾਲ

ਸਫ਼ਾ 1 ਦੀ ਬਾਕੀ

ਕਮੇਟੀਆਂ ਨੂੰ ਸਿਰਫ ਨਸ਼ੇ ਖਤਮ ਕਰਨ ਵਿਚ ਸਹਿਯੋਗ ਦੇਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਰਾਜ ਵਿਚ ਪੁਲੀਸ ਤੇ ਸੁਰੱਖਿਆ ਏਜੰਸੀਆਂ ਦੇ ਤਾਲਮੇਲ ਸਦਕਾ ਨਸ਼ਿਆਂ ਦੀ ਖੇਪ ਵੱਡੀ ਗਿਣਤੀ ਵਿਚ ਫੜੀ ਗਈ ਹੈ। ਇਸ ਵੇਲੇ ਡਰੋਨ ਨਾਲ ਹੋ ਰਹੀ ਤਸਕਰੀ ਵੱਡੀ ਚੁਣੌਤੀ ਹੈ ਜਿਸ ਨਾਲ ਨਜਿੱਠਣ ਲਈ ਸਰਹੱਦੀ ਪੱਟੀ ਉਤੇ ਐਂਟੀ ਡਰੋਨ ਸਿਸਟਮ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ 15 ਅਗਸਤ 2024 ਤੱਕ ਨਸ਼ਾ ਖਤਮ ਕਰਨ ਦਾ ਐਲਾਨ ਕੀਤਾ ਗਿਆ ਹੈ ਅਤੇ ਪੁਲੀਸ ਇਸ ਟੀਚੇ ਦੀ ਪ੍ਰਾਪਤੀ ਲਈ ਕੰਮ ਕਰ ਰਹੀ ਹੈ। ਜੋ ਵੀ ਪੁਲੀਸ ਅਧਿਕਾਰੀ ਜਾਂ ਕਰਮਚਾਰੀ ਨਸ਼ੇ ਦੇ ਵਪਾਰੀਆਂ ਨਾਲ ਸੰਪਰਕ ਰੱਖਣ ਦਾ ਦੋਸ਼ੀ ਪਾਇਆ ਗਿਆ, ਉਸ ਖਿਲਾਫ ਉਹੀ ਕਾਰਵਾਈ ਹੋਵੇਗੀ, ਜੋ ਅਪਰਾਧੀਆਂ ਖਿਲਾਫ ਕੀਤੀ ਜਾਂਦੀ ਹੈ। ਪੁਲੀਸ ਉਤੇ ਨਸ਼ੇ ਅਤੇ ਨਾਜਾਇਜ਼ ਮਾਈਨਿੰਗ ਦੇ ਖਾਤਮੇ ਨੂੰ ਲੈ ਕੇ ਕਿਸੇ ਤਰ੍ਹਾਂ ਦਾ ਕੋਈ ਦਬਾਅ ਨਹੀਂ ਹੈ।

ਰੀਅਲ ਐਸਟੇਟ ਅਤੇ ਮੌਰਟਗੇਜ ਬਰੋਕਰ
ਪੜਾਈ ਦੀ ਅਪ-ਟੂ-ਡੇਟ ਸਮਗਰੀ ਦੇ ਨਾਲ ਕੋਰਸ
ਸਿਰਫ 4 ਹਫਤਿਆਂ ਵਿਚ
ਆਪਣੀ ਸਹੂਲਤ ਅਨੁਸਾਰ ਸਵੇਰ ਜਾਂ ਸ਼ਾਮ ਦੇ ਗਰੁੱਪ/ਕਲਾਸਾਂ ਵਿੱਚ ਸਿੱਖੋ। ਪਾਸ ਹੋਣ ਲਈ ਰੋਜਾਨਾ ਦੇ ਸੈਂਪਲ ਟੈਸਟ ਦਾ ਫਾਈਦਾ ਲਵੋ।
WE TEACH YOU IN PUNJABI ALSO.
ਅਸੀਂ ਕੋਰਸ ਪੰਜਾਬੀ ਵਿੱਚ ਸਿਖਾਉਂਦੇ ਹਾਂ।



Testimonies:
ਸ਼ੋਰ ਸ਼ੋਟ ਲਰਨਿੰਗ ਸੈਂਟਰ ਤੋਂ ਇਕ ਹਫਤੇ ਦੀ ਕੋਚਿੰਗ ਲੈਣ ਤੋਂ ਬਾਅਦ ਮੈਂ ਰੀਅਲ ਅਸਟੇਟ ਸਪਲੀਮੈਂਟ ਪ੍ਰੀਖੀਆ ਪਾਸ ਕੀਤੀ। ਉਂਹ੍ਹਾਂ ਦੇ ਰੋਜਾਨਾ ਸੈਂਪਲ ਟੈਸਟ ਅਤੇ ਨੋਟਸ ਨੇ ਪ੍ਰੀਖੀਆ ਪਾਸ ਕਰਨ ਵਿੱਜ ਮੇਰੀ ਮਦਦ ਕੀਤੀ।
ਰਿੰਕੂ ਭਾਟੀਆ
778.891.7595
ਫੀਸ $649
ਸਵੇਰ ਅਤੇ ਸ਼ਾਮ ਦੀਆਂ ਕਲਾਸਾਂ ਸੋਮਵਾਰ ਤੋਂ ਸ਼ੁਕਰਵਾਰ ਤੱਕ
ਆਨਲਾਈਨ ਕਲਾਸਾਂ ਵੀ ਉਪਲੱਬਧ
ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

# ਸ਼੍ਰੋਮਣੀ ਕਮੇਟੀ ਨੂੰ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਕੇਂਦਰ ਤੋਂ ਨਹੀਂ ਮਿਲੀ ਪ੍ਰਵਾਨਗੀ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਫਿਲਹਾਲ ਕੇਂਦਰ ਸਰਕਾਰ ਕੋਲੋਂ ਹਰੀ ਝੰਡੀ ਨਹੀਂ ਮਿਲੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੂੰ ਮਿਲਿਆ ਹੈ। ਸ਼੍ਰੋਮਣੀ ਕਮੇਟੀ ਨੇ ਹਾਲ ਹੀ ਵਿੱਚ 24 ਜੁਲਾਈ ਨੂੰ ਵੈੱਬ ਚੈਨਲ ਸ਼ੁਰੂ ਕੀਤਾ ਸੀ ਜਿਸ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੇ ਗੁਰਬਾਣੀ ਦੇ ਕੀਰਤਨ ਨੂੰ ਯੂਟਿਊਬ ਅਤੇ ਫੇਸਬੁਕ ਰਾਹੀਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਕਮੇਟੀ ਵੱਲੋਂ ਸੈਟੇਲਾਈਟ ਚੈਨਲ ਨੂੰ ਸ਼ੁਰੂ ਕਰਵਾਉਣ ਲਈ ਸਬ-ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜੋ ਹੁਣ ਤੱਕ ਕੇਂਦਰ ਸਰਕਾਰ ਦੇ ਸੂਚਨਾ ਪ੍ਰਸਾਰਨ ਮੰਤਰਾਲੇ ਨੂੰ ਦੋ ਵਾਰ ਮਿਲ ਚੁੱਕੀ ਹੈ ਪਰ ਫਿਲਹਾਲ ਇਸ ਕਾਰਜ ਨੂੰ ਹਰੀ ਝੰਡੀ ਨਹੀਂ ਦਿੱਤੀ ਗਈ। ਹੁਣ ਸਿੱਖ ਸੰਸਥਾ ਦਾ ਇਕ ਵਫ਼ਦ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਅਪੂਰਵਾ ਚੰਦਰਾ ਨੂੰ ਮਿਲਿਆ ਹੈ। ਇਸ ਵਫ਼ਦ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਕੁਲਵੰਤ ਸਿੰਘ ਮੰਨਣ ਅਤੇ ਮੀਤ ਸਕੱਤਰ ਸ਼ਾਹਬਾਜ਼ ਸਿੰਘ ਸ਼ਾਮਲ ਸਨ। ਇਸ ਸਬੰਧੀ ਭਾਈ ਮਹਿਤਾ ਨੇ ਦੱਸਿਆ ਕਿ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਪੱਖ ਨੂੰ ਸੰਜੀਦਗੀ ਨਾਲ ਸੁਣਿਆ ਹੈ ਅਤੇ ਜਲਦ ਹੀ ਇਸ ਸਬੰਧੀ ਮੁੜ ਵਿਚਾਰ-ਵਟਾਂਦਰੇ ਦੀ ਹਾਮੀ ਭਰੀ ਹੈ। ਉਨ੍ਹਾਂ ਦੱਸਿਆ ਕਿ ਧਾਰਮਿਕ ਸੰਸਥਾ ਹੋਣ ਕਾਰਨ ਸੈਟੇਲਾਈਟ ਚੈਨਲ ਲਈ ਕੁਝ ਤਕਨੀਕੀ ਸਮੱਸਿਆਵਾਂ ਅਤੇ ਸਰਕਾਰ ਦੇ ਨਿਯਮਾਂ ਕਰ ਕੇ ਮੁਸ਼ਕਲ ਆ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਆਪਣੀ ਤਰਫੋਂ ਲਗਾਤਾਰ ਕਾਰਜਸ਼ੀਲ ਹੈ।

# ਮੁਕੇਸ਼ ਅੰਬਾਨੀ ਮੁੜ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਬਣੇ

ਨਵੀਂ ਦਿੱਲੀ-ਮੁਕੇਸ਼ ਅੰਬਾਨੀ 92 ਅਰਬ ਡਾਲਰ ਦੀ ਕੁੱਲ ਧਨ ਦੌਲਤ ਨਾਲ ਸੌ ਸਭ ਤੋਂ ਅਮੀਰ ਭਾਰਤੀਆਂ ਦੀ ਸੂਚੀ ਵਿੱਚ ਮੁੜ ਸਿਖਰ ‘ਤੇ ਪਹੁੰਚ ਗਏ ਹਨ। ਗੌਤਮ ਅਡਾਨੀ ਇਸ ਸੂਚੀ ਵਿੱਚ ਦੂਜੀ ਥਾਵੇਂ ਹਨ। ਅਮਰੀਕੀ ਸ਼ਾਰਟ-ਸੈੱਲਰ ਹਿੰਡਨਬਰਗ ਰਿਸਰਚ ਦੀ ਜਨਵਰੀ ਵਿੱਚ ਆਈ ਰਿਪੋਰਟ ਮਗਰੋਂ ਅਡਾਨੀ ਦੀ ਕੁੱਲ ਦੌਲਤ, ਜਿਸ ਵਿੱਚ ਉਨ੍ਹਾਂ ਦੇ ਪਰਿਵਾਰ ਦੀ ਦੌਲਤ ਵੀ ਸ਼ਾਮਲ ਹੈ, 82 ਅਰਬ ਡਾਲਰ ਤੋਂ ਘੱਟ ਕੇ 68 ਅਰਬ ਡਾਲਰ ਰਹਿ ਗਈ ਸੀ। ਉਂਜ ਇਸ ਸਾਲ ਭਾਰਤ ਦੇ ਸੌ ਸਭ ਤੋਂ ਅਮੀਰ ਭਾਰਤੀਆਂ ਦੀ ਸਾਂਝੀ ਦੌਲਤ 799 ਅਰਬ ਡਾਲਰ ਰਹੀ ਹੈ। ਸਾਫਟਵੇਅਰ ਕਾਰੋਬਾਰੀ ਸ਼ਿਵ ਨਾਦਰ 29.3 ਅਰਬ ਡਾਲਰ ਦੀ ਦੌਲਤ ਤੇ ਦੋ ਸਥਾਨਾਂ ਦੇ ਵਾਧੇ ਨਾਲ ਤੀਜੇ ਸਥਾਨ ‘ਤੇ ਹਨ। ਓਪੀ ਜਿੰਦਲ ਗਰੁੱਪ ਦੀ ਸਾਵਿੱਤਰੀ ਜਿੰਦਲ 24 ਅਰਬ ਡਾਲਰ ਨਾਲ ਸੂਚੀ ਵਿੱਚ ਚੌਥੇ ਸਥਾਨ ‘ਤੇ ਹੈ।

# ਸੁਖਪਾਲ ਖਹਿਰਾ ਨੂੰ ਮੁੜ ਪੁਲੀਸ ਰਿਮਾਂਡ ’ਤੇ ਭੇਜਿਆ



ਜਲਾਲਾਬਾਦ-ਨਸ਼ਾ ਤਸਕਰੀ ਮਾਮਲੇ ਵਿੱਚ ਜਲਾਲਾਬਾਦ ਪੁਲੀਸ ਵੱਲੋਂ ਰਿਮਾਂਡ ‘ਤੇ ਲਏ ਗਏ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਦੋ ਦਿਨ ਦਾ ਪੁਲੀਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਅੱਜ ਮੁੜ ਤੋਂ ਸਥਾਨਕ ਜਸਟਿਸ ਰਾਮਪਾਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਸ੍ਰੀ ਖਹਿਰਾ ਦਾ ਮੁੜ ਦੋ ਦਿਨ ਦਾ ਪੁਲੀਸ ਰਿਮਾਂਡ ਦੇ ਦਿੱਤਾ। ਇਸ ਤੋਂ ਪਹਿਲਾਂ ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਜਲਾਲਾਬਾਦ ਅਦਾਲਤ ਵਿੱਚ ਪੁੱਜੇ। ਬਾਜਵਾ ਦੇ ਅਦਾਲਤ ਵਿੱਚ ਦਾਖਲ ਹੁੰਦੇ ਹੀ ਪੁਲੀਸ ਵੱਲੋਂ ਉਨ੍ਹਾਂ ਨੂੰ ਰੋਕ ਲਿਆ ਗਿਆ ਜਿਸ ਤੋਂ ਬਾਅਦ ਰੋਹ ਵਿੱਚ ਆਏ ਕਾਂਗਰਸੀ ਆਗੂਆਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮੌਕੇ ਸਰਕਾਰੀ ਵਕੀਲ ਬਲਜੀਤ ਸਿੰਘ ਨੇ ਦਲੀਲਾਂ ਪੇਸ਼ ਕਰਦੇ ਹੋਏ ਖਹਿਰਾ ਦਾ ਪੁਲੀਸ ਰਿਮਾਂਡ ਵਧਾਉਣ ਦੀ ਮੰਗ ਕੀਤੀ ਜਿਸ ‘ਤੇ ਅਦਾਲਤ ਨੇ ਖਹਿਰਾ ਦਾ ਦੋ ਦਿਨ ਦਾ ਪੁਲੀਸ ਰਿਮਾਂਡ ਦੇ ਦਿੱਤਾ ਜਿਸ ਤੋਂ ਬਾਅਦ ਪੁਲੀਸ ਖਹਿਰਾ ਨੂੰ ਲੈ ਕੇ ਚਲੀ ਗਈ। ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਭਗਵੰਤ ਮਾਨ ਸਰਕਾਰ ‘ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਸਰਕਾਰ ਲੋਕਤੰਤਰ ਦਾ ਗਲ ਘੁੱਟ ਰਹੀ ਹੈ। ਕਿਸੇ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਜੋ ਉਸ ਸਮੇਂ ਵਿਰੋਧੀ ਧਿਰ ਦੇ ਆਗੂ ਸਨ, ਨੇ ਖਹਿਰਾ ਦਾ ਬਚਾਅ ਕਰਦੇ ਹੋਏ ਉਨ੍ਹਾਂ ਨੂੰ ਝੂਠੇ ਕੇਸ ਵਿੱਚ ਫਸਾਉਣ ਦੀ ਗੱਲ ਆਖੀ ਸੀ ਅਤੇ ਅੱਜ ਪੰਜਾਬ ਸਰਕਾਰ ਦੀ ਸ਼ਹਿ ‘ਤੇ ਬਦਲਾਖੋਰੀ ਦੀ ਭਾਵਨਾ ਤਹਿਤ ਖਹਿਰਾ ਨੂੰ ਝੂਠੇ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ। ਬਾਜਵਾ ਨੇ ਕਿਹਾ ਕਿ ਸਮੁੱਚੀ ਕਾਂਗਰਸ ਖਹਿਰਾ ਨਾਲ ਖੜ੍ਹੀ ਹੈ ਅਤੇ ਸਰਕਾਰ ਦੀ ਧੱਕੇਸ਼ਾਹੀ ਦਾ ਕਾਂਗਰਸੀ ਢੁੱਕਵਾਂ ਜਵਾਬ ਦੇਣਗੇ।

# ਜੀਤ ਮਹਿੰਦਰ ਸਿੱਧੂ ਵੱਲੋਂ ਅਕਾਲੀ ਦਲ ਤੋਂ ਅਸਤੀਫਾ

ਬਠਿੰਡਾ-ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਕਰਕੇ ਮੁਅੱਤਲ ਕੀਤੇ ਗਏ ਸਾਬਕਾ ਵਿਧਾਇਕ ਤੇ ਪਾਰਟੀ ਦੇ ਮੀਤ ਪ੍ਰਧਾਨ ਜੀਤ ਮਹਿੰਦਰ ਸਿੰਘ ਸਿੱਧੂ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ।




24 ਘੰਟਿਆਂ ਦੇ ਘੱਟ ਸਮੇਂ ਦੇ ਨੋਟਿਸ ਦਾ ਉੱਤਰ ਉਨ੍ਹਾਂ ਅੱਜ ਬਾਅਦ ਦੁਪਹਿਰ ਆਪਣੀ ਸਥਾਨਕ ਰਿਹਾਇਸ਼ ‘ਤੇ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਦਿੱਤਾ। ਉਨ੍ਹਾਂ ਇਸ ਮੌਕੇ ਪਾਰਟੀ ਤੋਂ ਅਸਤੀਫ਼ੇ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਨੋਟਿਸ ਜਾਰੀ ਕਰਨ ਤੋਂ ਜਾਪਦਾ ਹੈ ਕਿ ਅਕਾਲੀ ਦਲ ਦੇ ਆਗੂ ਬੁਖ਼ਲਾ ਗਏ ਹਨ ਅਤੇ ਪਾਰਟੀ ਦਿਸ਼ਾ-ਹੀਣ ਹੋ ਕੇ ਆਪਣੇ ਉਦੇਸ਼ਾਂ ਤੋਂ ਭਟਕ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਛੱਡਣ ਦਾ ਫੈਸਲਾ ਉਨ੍ਹਾਂ ਆਪਣੇ ਸਮਰਥਕਾਂ ਦੀ ਰਾਇ ਨਾਲ ਲਿਆ ਹੈ ਅਤੇ ਨਵਾਂ ਸਿਆਸੀ ਰਾਹ ਵੀ ਇਨ੍ਹਾਂ ਦੀ ਰਾਇ ਅਨੁਸਾਰ ਲੈਣਗੇ। ਉਨ੍ਹਾਂ ਕਿਹਾ ਕਿ 2014 ਦੌਰਾਨ ਕਾਂਗਰਸ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਫੈਸਲਾ, ਉਨ੍ਹਾਂ ਦੇ ਪਿਤਾ ਨੇ ਪ੍ਰਕਾਸ਼ ਸਿੰਘ ਬਾਦਲ ਦੇ ਜ਼ੋਰ ਪਾਉਣ ‘ਤੇ ਦੁਆਇਆ ਸੀ। ਉਨ੍ਹਾਂ ਕਿਹਾ ਕਿ 2014 ‘ਚ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ‘ਚੋਂ ਕਰੀਬ 12 ਹਜ਼ਾਰ ਵੋਟਾਂ ਕਾਂਗਰਸ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਤੋਂ ਵੱਧ ਦੁਆਈਆਂ। ਉਨ੍ਹਾਂ ਦਾਅਵਾ ਕੀਤਾ ਕਿ 1984 ਤੋਂ ਬਾਅਦ ਅਕਾਲੀ ਦਲ ਨੂੰ ਤਲਵੰਡੀ ਸਾਬੋ ਵਿੱਚੋਂ ਪਹਿਲੀ ਵਾਰ ਜਿੱਤ ਨਸੀਬ ਹੋਈ ਸੀ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨਾਲ ਆਪਣੀ ਨੇੜਤਾ ਦਾ ਖੁਲਾਸਾ ਕਰਦਿਆਂ ਕਿਹਾ ਕਿ ਉਨ੍ਹਾਂ ਕਈ ਵਾਰ ਕਾਂਗਰਸ ਵਿੱਚ ਘਰ ਵਾਪਸੀ ਦੀ ਤਜਵੀਜ਼ ਸਾਹਮਣੇ ਰੱਖੀ ਸੀ ਪਰ ਉਨ੍ਹਾਂ ਅਕਾਲੀ ਦਲ ਨਾਲ ਜੁੜੇ ਰਹਿਣ ਦਾ ਪੱਕਾ ਮਨ ਬਣਾਇਆ ਹੋਇਆ ਸੀ।

# ਕਾਂਗਰਸ ਨਾਲ ਰਲ ਕੇ ਨਹਿਰ ਦਾ ਸਰਵੇਖਣ ਸਫ਼ਲ ਬਣਾਉਣਾ ਚਾਹੁੰਦੇ ਨੇ ਭਗਵੰਤ ਮਾਨ-ਡਾ: ਚੀਮਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਕਿ ਸੁਪਰੀਮ ਕੋਰਟ ਵਿਚ ‘ਆਪ’ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਹਿਣ ‘ਤੇ ਪੰਜਾਬ ਦੇ ਹਿੱਤਾਂ ਦਾ ਸਮਝੌਤਾ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਹੁਣ ਕਾਂਗਰਸ ਪਾਰਟੀ ਨਾਲ ਰਲ ਕੇ ਰਾਵੀ-ਬਿਆਸ ਦਾ ਪਾਣੀ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਰਾਹੀਂ ਹਰਿਆਣਾ ਨੂੰ ਦੇਣ ਲਈ ਕੇਂਦਰੀ ਸਰਵੇਖਣ ਪੂਰਾ ਕਰਵਾਉਣਾ ਚਾਹੁੰਦੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ‘ਆਪ’ ਸਰਕਾਰ ਭੁੱਲ ਗਈ ਹੈ ਕਿ ਪੰਜਾਬ ਨਾਲ ਸਾਰੇ ਅਨਿਆਂ ਕਾਂਗਰਸ ਪਾਰਟੀ ਨੇ ਕੀਤੇ ਹਨ ਭਾਵੇਂ ਉਹ 1955 ਵਿਚ ਅੱਧਾ ਪਾਣੀ ਰਾਜਸਥਾਨ ਨੂੰ ਦੇਣ ਦਾ ਮਾਮਲਾ ਹੋਵੇ ਜਾਂ ਫਿਰ ਬਾਅਦ ਵਿਚ ਅੱਧਾ ਹਰਿਆਣਾ ਨੂੰ ਦੇਣ ਦਾ ਅਤੇ 1981 ਤੇ 1982 ਵਿੱਚ ਐੱਸਵਾਈਐੱਲ ਨਹਿਰ ਪੁੱਟਣ ਦੀ ਸ਼ੁਰੂਆਤ ਕਰਨ ਦਾ ਹੋਵੇ। ਉਨ੍ਹਾਂ ‘ਆਪ’ ਵੱਲੋਂ ਅਕਾਲੀ ਦਲ ਦੀ ਬਦਨਾਮੀ ਕਰਨ ਲਈ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਦੇਵੀ ਲਾਲ ਦੇ ਵਿਧਾਨ ਸਭਾ ਵਿਚ ਦਿੱਤੇ ਇਕ ਸਫੇ ਦੇ ਭਾਸ਼ਣ ਨੂੰ ਵਰਤਣ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਇਹ ਭੁੱਲ ਗਈ ਹੈ ਕਿ 122 ਕਿੱਲੋਮੀਟਰ ਲੰਬੀ ਐੱਸਵਾਈਐੱਲ ਗਿਆਨੀ ਜ਼ੈਲ ਸਿੰਘ ਵੱਲੋਂ 1977 ਵਿੱਚ ਦਿੱਤੀ ਪ੍ਰਸ਼ਾਸਕੀ ਮਨਜ਼ੂਰੀ ਮਗਰੋਂ ਸ਼ੁਰੂ ਹੋਈ ਤੇ ਇਸ ਦੌਰਾਨ ਗਿਆਨੀ ਜ਼ੈਲ ਸਿੰਘ ਨੇ ਇਕ ਕਰੋੜ ਰੁਪਏ ਹਰਿਆਣਾ ਤੋਂ ਪ੍ਰਾਪਤ ਕੀਤੇ। ਉਨ੍ਹਾਂ ਦਾਅਵਾ ਕੀਤਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਹੀ ਪੰਜਾਬ ਦੇ ਦਰਿਆਈ ਪਾਣੀਆਂ ਦੇ ਅਸਲ ਰਾਖੇ ਸਨ। ਉਨ੍ਹਾਂ ਕਿਹਾ ਕਿ ‘ਆਪ’ ਨੇ ਹਰਿਆਣਾ ਵਿਚ ਇਹ ਗਾਰੰਟੀ ਵੀ ਦਿੱਤੀ ਹੈ ਕਿ 2024 ਵਿਚ ਸੂਬੇ ਵਿੱਚ ਸੱਤਾ ਵਿੱਚ ਆਉਣ ‘ਤੇ ਉਹ ਸੂਬੇ ਦੇ ਕੋਨੇ ਕੋਨੇ ਤੱਕ ਐੱਸਵਾਈਐੱਲ ਦਾ ਪਾਣੀ ਪਹੁੰਚਾਏਗੀ।










# ਕੈਨੇਡਾ-ਭਾਰਤ ਸੰਬੰਧਾਂ ਨੂੰ ਲੀਹ ਤੇ ਲਿਆਉਣ ਲਈ ਪੁਨਰ ਵਿਚਾਰ ਦੀ ਲੋੜ...

**ਡੇਵਿਡ ਮੈਕੀਨਨ**

ਸਾਡੀ ਇੰਡੋ-ਪੈਸੀਫਿਕ ਰਣਨੀਤੀ ਦੁਆਰਾ ਭਾਰਤ ਨੂੰ ਇਕ ਮਹੱਤਵਪੂਰਣ ਭਾਈਵਾਲ ਐਲਾਨੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਹੀ ਕੈਨੇਡਾ-ਭਾਰਤ ਸਬੰਧਾਂ ਦਾ ਵਿਗਾੜ ਹੈਰਾਨਕੁੰਨ ਹੈ। ਇੱਕ ਜਮਹੂਰੀ ਅਤੇ ਬਹੁਲਵਾਦੀ ਭਾਰਤ ਨਾਲ ਕੈਨੇਡਾ ਦਾ ਰਿਸ਼ਤਾ, ਘੱਟੋ-ਘੱਟ ਕੁਝ ਹੱਦ ਤੱਕ, ਤਾਨਾਸ਼ਾਹ ਚੀਨ ਦੇ ਨਾਲ ਸਾਡੇ ਵਿਗੜੇ ਸਬੰਧਾਂ ਦੌਰਾਨ ਹੋਰ ਵੀ ਮਹੱਤਵਪੂਰਣ ਸੀ। ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਿਛਲੇ ਮਹੀਨੇ ਹਾਊਸ ਆਫ ਕਾਮਜ਼ਨ ਵਿਚ ਇਕ ਕੈਨੇਡੀਅਨ ਸਿੱਖ ਆਗੂ ਦੀ ਹੱਤਿਆਂ ਵਿਚ ਭਾਰਤ ਦਾ ਹੱਥ ਹੋਣ ਦਾ ਦੋਸ਼ ਲਗਾਏ ਜਾਣ ਉਪਰੰਤ ਦੋਵਾਂ ਮੁਲਕਾਂ ਦੇ ਸਬੰਧਾਂ ਵਿਚਾਲੇ ਅਣਕਿਆਸਿਆ ਤਣਾਅ ਬਣ ਗਿਆ ਹੈ। ਦੋਵੇਂ ਦੇਸ਼ ਸੀਨੀਅਰ ਡਿਪਲੋਮੈਟਾਂ ਨੂੰ ਬਾਹਰ ਕੱਢਣ ਵਿੱਚ ਲੱਗੇ ਹੋਏ ਹਨ। ਹੁਣ ਭਾਰਤ ਨੇ ਕਥਿਤ ਤੌਰ 'ਤੇ ਕੈਨੇਡਾ ਦੇ ਬਾਕੀ ਬਚੇ 62 ਰਾਜਦੂਤਾਂ ਵਿੱਚੋਂ 41 ਨੂੰ ਵਾਪਿਸ ਬੁਲਾਉਣ ਦੀ ਮੰਗ ਕੀਤੀ ਹੈ।




ਦੋਵਾਂ ਮੁਲਕਾਂ ਵਿਚਾਲੇ ਤਣਾਅਪੂਰਣ ਸਥਿਤੀ ਦੇ ਕੋਈ ਵੀ ਕਾਰਣ ਹੋ ਸਕਦੇ ਹਨ ਪਰ ਦੋਵਾਂ ਦੇ ਰਿਸ਼ਤੇ ਨੂੰ ਮੁੜ ਲੀਹ 'ਤੇ ਲਿਆਉਣ ਲਈ ਇੱਕ ਗੰਭੀਰ ਪੁਨਰ-ਵਿਚਾਰ ਦੀ ਲੋੜ ਹੈ। ਇਸ ਵਿੱਚ ਭਾਰਤ ਦੇ ਨਾਲ ਸਾਡੇ ਸਬੰਧਾਂ ਵਿੱਚ ਭਾਰਤੀ ਮੂਲ ਦੇ ਪ੍ਰਵਾਸੀਆਂ ਦੇ ਨਾਲ ਰਾਸ਼ਟਰ ਦੇ ਵਿਸ਼ੇਸ਼ ਹਿੱਤਾਂ, ਕੈਨੇਡਾ ਦੀ ਸੁਰੱਖਿਆ ਅਤੇ ਖੁਸ਼ਹਾਲੀ - ਨੂੰ ਸੁਚੇਤ ਤੌਰ 'ਤੇ ਸੰਤੁਲਿਤ ਕਰਨਾ ਸ਼ਾਮਲ ਹੈ।

ਪ੍ਰਧਾਨ ਮੰਤਰੀ ਟਰੂਡੋ ਵਲੋਂ ਲਗਾਏ ਇਲਜਾਮ ਜੇਕਰ ਸੱਚ ਹੁੰਦੇ ਹਨ, ਤਾਂ ਇਸਦਾ ਭਾਰਤ ਉਪਰ ਅੰਤਰਰਾਸ਼ਟਰੀ ਪੱਧਰ 'ਤੇ ਅਸਰ ਪਵੇਗਾ। ਭਾਵੇਂਕਿ ਭਾਰਤ ਨੂੰ ਪੱਛਮ ਮੁਲਕਾਂ ਵਿਚ ਚੀਨ ਅਤੇ ਰੂਸ ਵਾਂਗ ਨਹੀ ਦੇਖਿਆ ਜਾਵੇਗਾ ਪਰ ਇਸਦੇ ਬਾਵਜੂਦ ਭਾਰਤ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਹ ਉਹੀ ਹੈ ਜੋ ਉਹ ਹਮੇਸ਼ਾ ਰਿਹਾ ਹੈ। ਹਾਲਾਂਕਿ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਵਹਾਰ ਬਿਲਕੁਲ ਅਲਗ ਹੈ। ਜਿਸ ਨੇ ਜਵਾਹਰ ਲਾਲ ਨਹਿਰੂ ਦੇ ਅਸਲ ਦ੍ਰਿਸ਼ਟੀਕੋਣ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਦਿੱਤਾ ਹੈ। ਧਰਮ ਨਿਰਪੱਖ ਅਤੇ ਸਹਿਣਸ਼ੀਲ ਲੋਕਤੰਤਰੀ ਭਾਰਤ।

ਕੈਨੇਡਾ ਲਈ ਇੱਕ ਅਸਲ ਚੁਣੌਤੀ ਇਹ ਹੈ ਕਿ ਸਾਡੇ ਸਹਿਯੋਗੀ ਭਾਰਤ ਦੇ ਨਾਲ ਆਪਣੇ ਸਬੰਧਾਂ ਨੂੰ ਆਮ ਪੱਧਰ ਦਾ ਕਿਵੇਂ ਰੱਖਿਆ ਜਾਵੇ। ਕੈਨੇਡਾ ਵਲੋਂ ਭਾਰਤ ਨੂੰ ਸਖਤ ਸੁਨੇਹੇ ਦੇ ਬਾਵਜੂਦ, ਭਾਰਤੀ ਅਧਿਕਾਰੀਆਂ ਨੂੰ ਜਵਾਬਦੇਹ ਠਹਿਰਾਉਣਾ ਔਖਾ ਹੋਵੇਗਾ। ਫਿਰ ਵੀ, ਇੱਕ ਸੁਨੇਹਾ ਭੇਜਣ ਦੀ ਜ਼ਰੂਰਤ ਹੈ ਕਿ ਅਜਿਹਾ ਦੁਬਾਰਾ ਨਹੀ ਵਾਪਰਨਾ ਚਾਹੀਦਾ।

ਕੈਨੇਡਾ ਵਿੱਚ ਭਾਰਤੀ ਡਾਇਸਪੋਰਾ ਬਹੁਤ ਵੱਡਾ ਹੈ, ਜਿਸ ਵਿੱਚ ਸ਼ਾਇਦ ਅੱਧੇ ਸਿੱਖ ਹਨ, ਭਾਵੇਂ ਕਿ ਸਿੱਖ ਭਾਰਤ ਦੀ ਆਬਾਦੀ ਦਾ ਸਿਰਫ 2 ਪ੍ਰਤੀਸ਼ਤ ਹਨ। ਮੈਂ ਅੰਮ੍ਰਿਤਸਰ ਸ਼ਹਿਰ ਵਿੱਚ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਅਤੇ ਫੋਟੋਆਂ ਖਿੱਚਵਾਉਣ ਜਾ ਰਹੇ ਸਿਆਸਤਦਾਨਾਂ ਨੂੰ ਯਾਦ ਦਿਵਾਉਂਦਾ ਹਾਂ ਕਿ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸਿੱਖ ਇੱਕ ਪ੍ਰਭਾਵਸ਼ਾਲੀ ਅਤੇ ਵਿਲੱਖਣ ਭਾਈਚਾਰਾ ਹੈ ਪਰ ਇਹ ਵੇਖਣ ਦੀ ਲੋੜ ਹੈ ਕਿ ਉਹ ਕਿੰਨਾ ਹੋਰ ਭਾਰਤ ਨੂੰ ਅਣਦੇਖਾ ਕਰ ਰਹੇ ਹਨ।

ਖਾਲਿਸਤਾਨ ਦੇ ਕਾਜ਼ ਲਈ ਕੈਨੇਡਾ ਵਿੱਚ ਸਮਰਥਨ, ਇੱਕ ਵੱਖਰੇ ਸਿੱਖ ਹੋਮਲੈਂਡ ਦੀ ਧਾਰਨਾ ਨੂੰ ਵੀ ਵੇਖਣ ਦੀ ਲੋੜ ਹੈ। 1970 ਦੇ ਦਹਾਕੇ ਵਿੱਚ, ਕੈਨੇਡਾ ਨੇ ਖਾਲਿਸਤਾਨੀ ਲਹਿਰ ਦੇ ਅਧਾਰ ਵਜੋਂ ਇੱਕ ਸਾਖ ਵਿਕਸਿਤ ਕੀਤੀ। ਹਾਲਾਂਕਿ ਕੈਨੇਡੀਅਨ ਕਾਨੂੰਨ ਦੇ ਤਹਿਤ ਸਿਰਫ਼ ਵਿਚਾਰਾਂ ਦੀ ਆਜਾਦੀ ਦੀ ਖੁੱਲ ਹੈ ਪਰ ਕੈਨੇਡਾ ਵਿੱਚ ਹਿੰਸਾ ਤੇਜ਼ੀ ਨਾਲ ਇੱਕ ਸਮੱਸਿਆ ਬਣ ਗਈ ਹੈ, ਜਿਸ ਵਿੱਚ 1986 ਵਿੱਚ ਵੈਨਕੂਵਰ ਟਾਪੂ ਦਾ ਦੌਰਾ ਕਰ ਰਹੇ ਪੰਜਾਬ ਦੇ ਮੰਤਰੀ ਮਲਕੀਅਤ ਸਿੰਘ ਸਿੱਧੂ ਦੇ ਕਤਲ ਦੀ ਕੋਸ਼ਿਸ਼ ਅਤੇ 1985 ਵਿੱਚ ਏਅਰ ਇੰਡੀਆ ਦੀ ਉਡਾਣ ਉੱਤੇ ਬੰਬ ਧਮਾਕਾ ਸ਼ਾਮਲ ਹੈ। ਜਿਸ ਵਿਚ 329 ਲੋਕ ਮਾਰੇ ਗਏ ਸਨ। ਇਹਨਾਂ ਘਟਨਾਵਾਂ ਦੀ ਜਾਂਚ ਵਿਚ ਅਸਫਲਤਾ ਕੈਨੇਡਾ ਲਈ ਸ਼ਰਮਨਾਕ ਹੈ। ਇਸ ਦੌਰਾਨ ਕੈਨੇਡੀਅਨ ਸਿਆਸਤਦਾਨਾਂ ਦੁਆਰਾ ਅਕਸਰ ਉਹਨਾਂ ਸਮਾਗਮਾਂ ਵਿੱਚ ਫੋਟੋਆਂ ਖਿੱਚਵਾਈਆਂ ਜਾਂਦੀਆ ਹਨ ਜਿੱਥੇ ਹਿੰਸਕ ਖਾਲਿਸਤਾਨੀ ਕੱਟੜਪੰਥੀਆਂ ਦੀ ਸ਼ਹੀਦਾਂ ਵਜੋਂ ਪ੍ਰਸ਼ੰਸਾ ਕੀਤੀ ਜਾਂਦੀ ਹੈ। ਆਮ ਤੌਰ 'ਤੇ, ਡਾਇਸਪੋਰਾ ਭਾਈਚਾਰਿਆਂ ਵਿਚ ਵੋਟਾਂ ਦੀ ਭਾਲ ਵਿਚ ਇਸ ਨੂੰ ਲਾਪਰਵਾਹੀ ਵਜੋਂ ਬਹਾਨਾ ਬਣਾਇਆ ਜਾਂਦਾ ਹੈ। ਪਰ ਭਾਰਤ ਵਿੱਚ, ਇਸ ਨੂੰ ਬਿਲਕੁਲ ਵੱਖਰੇ ਤੌਰ 'ਤੇ ਦੇਖਿਆ ਜਾਂਦਾ ਹੈ।

ਹਾਲਾਂਕਿ ਕੈਨੇਡਾ ਵਿੱਚ ਸਿੱਖ ਆਬਾਦੀ ਭਾਰਤ ਤੋਂ ਬਾਹਰ ਦੁਨੀਆ ਵਿੱਚ ਸਭ ਤੋਂ ਵੱਧ ਹੈ। ਦੂਜੇ ਦੇਸ਼ ਜਿਨ੍ਹਾਂ ਵਿੱਚ ਮਹੱਤਵਪੂਰਨ ਸਿੱਖ ਆਬਾਦੀ ਅਤੇ ਖਾਲਿਸਤਾਨ ਸਮਰਥਕਾਂ ਦੇ ਸਰਗਰਮ ਸਮੂਹ ਹਨ - ਖਾਸ ਤੌਰ 'ਤੇ ਯੂ.ਕੇ., ਆਸਟ੍ਰੇਲੀਆ ਅਤੇ ਯੂ.ਐੱਸ ਏ, ਪਰ ਉਥੇ ਅਜੇ ਵੀ ਭਾਰਤ ਨਾਲ ਉਸਾਰੂ ਰਣਨੀਤਕ ਦੁਵੱਲੇ ਸਬੰਧ ਕਇਮ ਹਨ। ਇਹ ਲਾਜ਼ਮੀ ਤੌਰ 'ਤੇ ਇਸ ਲਈ ਹੈ ਕਿਉਂਕਿ ਉਨ੍ਹਾਂ ਦੇਸ਼ਾਂ ਨੇ ਨਵੀਂ ਦਿੱਲੀ ਨਾਲ ਮਹੱਤਵਪੂਰਨ ਰਾਜਨੀਤਕ, ਆਰਥਿਕ ਅਤੇ ਸੁਰੱਖਿਆ ਸਬੰਧ ਵਿਕਸਿਤ ਕੀਤੇ ਹਨ ਜੋ ਭਾਰਤ ਦੇ ਹਿੱਤਾਂ ਦੇ ਵਿਆਪਕ ਸਮੂਹ ਲਈ ਉਨ੍ਹਾਂ ਦੀ ਮਹੱਤਤਾ ਨੂੰ ਸਮਝਦੇ ਹਨ।

ਭਾਰਤ ਨੂੰ ਇੱਕ ਉੱਭਰਦੀ ਗਲੋਬਲ ਸ਼ਕਤੀ ਦੇ ਰੂਪ ਵਿੱਚ ਇਸ ਦੇ ਆਕਾਰ ਅਤੇ ਰੁਤਬੇ ਨੂੰ ਦੇਖਦੇ ਹੋਏ, ਪੂਰੀ ਤਰ੍ਹਾਂ ਦੁਵੱਲੇ ਸਬੰਧਾਂ ਵਿੱਚ ਸਾਡੇ ਲੰਬੇ ਸਮੇਂ ਦੇ ਹਿੱਤ ਭਾਰਤ ਨਾਲੋਂ ਮੁਕਾਬਲਤਨ ਵੱਧ ਹਨ, ਅਤੇ ਇਸ ਲਈ ਸਾਨੂੰ ਇੱਕ ਰਸਤਾ ਲੱਭਣ ਦੀ ਲੋੜ ਹੈ। ਸਵਾਲ ਹੈ ਕਿ ਕੈਨੇਡਾ ਅਤੇ ਭਾਰਤ ਇਸ ਸਥਿਤੀ ਤੋਂ ਕਿਵੇਂ ਨਿਕਲ ਸਕਦੇ ਹਨ?

ਭਾਰਤ ਅਤੇ ਕੈਨੇਡਾ ਦੋਵਾਂ ਦੀ ਭਰੋਸੇਯੋਗਤਾ ਅਤੇ ਸਾਖ ਹੁਣ ਦਾਅ 'ਤੇ ਲੱਗ ਗਈ ਹੈ। ਸਾਡੀਆਂ ਸਰਕਾਰਾਂ - ਸਿਆਸਤਦਾਨਾਂ ਅਤੇ ਅਧਿਕਾਰੀਆਂ ਦੋਵਾਂ ਨੂੰ - ਸਾਡੇ ਰਾਸ਼ਟਰੀ ਹਿੱਤਾਂ ਅਤੇ ਅੰਤਰਰਾਸ਼ਟਰੀ ਤਰਜੀਹਾਂ ਨੂੰ ਵੇਖਣ ਦੀ ਲੋੜ ਹੈ। ਸਾਡੇ ਸਿਆਸਤਦਾਨਾਂ ਨੂੰ ਆਪਣੇ ਹਿੱਤਾਂ ਨੂੰ ਕੇਵਲ ਡਾਇਸਪੋਰਾ ਭਾਈਚਾਰਿਆਂ ਤੱਕ ਪਹੁੰਚ ਬਣਾਉਣ ਤੱਕ ਸੀਮਤ ਕਰਨ ਲੋੜ ਨਹੀ। ਕਦਰਾਂ-ਕੀਮਤਾਂ ਮਹੱਤਵਪੂਰਨ ਹੁੰਦੀਆਂ ਹਨ, ਪਰ ਉਹਨਾਂ ਲਈ ਇਕ ਮਾਰਗਦਰਸ਼ਨ ਦੀ ਵਧੇਰੇ ਲੋੜ ਹੈ।

ਸੰਸਾਰ ਨਾਟਕੀ ਢੰਗ ਨਾਲ ਬਦਲ ਗਿਆ ਹੈ। ਉਸ ਵਿਚ ਅਸੀਂ ਅੰਤਰਰਾਸ਼ਟਰੀ ਤੌਰ 'ਤੇ ਕਿਵੇਂ ਸ਼ਾਮਲ ਹੁੰਦੇ ਹਾਂ ਇਸ ਬਾਰੇ ਗੰਭੀਰਤਾ ਨਾਲ ਮੁੜ ਵਿਚਾਰ ਕੀਤੇ ਬਿਨਾਂ, ਇੱਕ ਹੋਰ ਅਨਿਸ਼ਚਿਤ ਸੰਸਾਰ ਵਿੱਚ ਕੈਨੇਡਾ ਦੀ ਸੁਰੱਖਿਆ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਮੁਸ਼ਕਲ ਹੋਵੇਗਾ।

**ਧੰਨਵਾਦ ਸਹਿਤ-ਡੇਵਿਡ ਮੈਕੀਨਨ**

ਡੇਵਿਡ ਮੈਕੀਨਨ ਇੱਕ ਸਾਬਕਾ ਕੈਨੇਡੀਅਨ ਡਿਪਲੋਮੈਟ ਹਨ ਜੋ ਨਵੀਂ ਦਿੱਲੀ, ਕੈਨਬਰਾ, ਬੈਂਕਾਕ ਅਤੇ ਹਾਲ ਹੀ ਵਿੱਚ ਕੋਲੰਬੋ ਵਿੱਚ ਸ੍ਰੀਲੰਕਾ ਦੇ ਹਾਈ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL | MORTGAGES 1st, 2nd or Private | BUILD WITH WARRANTY BUILD, SUPPORT & ADVICE TEAM WORK

KULWANT ATWAL 604-716-2135 | BHAJAN ATWAL 604-773-8426 | 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages

604-716-2135 604-773-8426

# ਇਜ਼ਰਾਇਲੀ ਹਵਾਈ ਫੌਜ ਨੇ ਹਮਾਸ ਦੇ ਟਿਕਾਣਿਆਂ 'ਤੇ ਦਾਗੇ 6 ਹਜ਼ਾਰ ਬੰਬ

## 'ਇਜ਼ਰਾਈਲ ਅਜੇ ਸ਼ੁਰੂਆਤ, ਸਾਡਾ ਕਾਨੂੰਨ ਪੂਰੀ ਦੁਨੀਆ 'ਚ ਲਾਗੂ ਹੋਵੇਗਾ'-ਹਮਾਸ ਕਮਾਂਡਰ

ਜੈਰੋਸਲਮ-7 ਅਕਤੂਬਰ ਨੂੰ ਫਲਸਤੀਨ ਦੇ ਕੱਟੜਪੰਥੀ ਅੱਤਵਾਦੀ ਸੰਗਠਨ ਹਮਾਸ ਵੱਲੋਂ ਇਜ਼ਰਾਈਲ 'ਤੇ 5 ਹਜ਼ਾਰ



ਬੰਬ ਸੁੱਟੇ ਗਏ ਸਨ। ਇਸ ਦੌਰਾਨ ਵੱਡੀ ਗਿਣਤੀ 'ਚ ਹਮਾਸ ਦੇ ਅੱਤਵਾਦੀ ਵੀ ਇਜ਼ਰਾਇਲੀ ਸਰਹੱਦ 'ਚ ਦਾਖਲ ਹੋਏ। ਹਮਾਸ ਦੇ ਅੱਤਵਾਦੀਆਂ ਨੇ 1200 ਤੋਂ ਵੱਧ ਲੋਕਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ। ਮਰਨ ਵਾਲਿਆਂ ਵਿੱਚ ਬੱਚੇ, ਬਜ਼ੁਰਗ, ਔਰਤਾਂ ਅਤੇ ਹਰ ਉਮਰ ਵਰਗ ਦੇ ਲੋਕ ਸ਼ਾਮਲ ਹਨ। ਇਸ ਹਮਲੇ ਦੌਰਾਨ ਹਮਾਸ ਦੇ ਅੱਤਵਾਦੀਆਂ ਨੇ ਕਈ ਲੋਕਾਂ ਨੂੰ ਬੰਧਕ ਵੀ ਬਣਾ ਲਿਆ, ਜਿਨ੍ਹਾਂ ਦੀ ਭਾਲ ਅਜੇ ਵੀ ਜਾਰੀ ਹੈ। ਜਵਾਬੀ ਕਾਰਵਾਈ 'ਚ ਇਜ਼ਰਾਈਲ ਲਗਾਤਾਰ ਹਮਾਸ ਦੇ ਅੱਤਵਾਦੀਆਂ ਅਤੇ ਖੁਫੀਆ ਠਿਕਾਣਿਆਂ 'ਤੇ ਹਮਲੇ ਕਰ ਰਿਹਾ ਹੈ। ਇਸ ਲੜੀ ਵਿੱਚ 5000 ਬੰਬਾਂ ਦੀ ਬਜਾਏ ਇਜ਼ਰਾਈਲ ਹੁਣ ਤੱਕ 6000 ਬੰਬ ਸੁੱਟ ਚੁੱਕਾ ਹੈ। ਇਸਰਾਈਲੀ ਹਵਾਈ ਸੈਨਾ ਦੇ ਦਰਜਨਾਂ ਲੜਾਕੂ ਜਹਾਜ਼ ਅਤੇ ਹੈਲੀਕਾਪਟਰ ਗਾਜ਼ਾ ਪੱਟੀ ਦੇ ਪਾਰ ਅਸਮਾਨ ਵਿੱਚ ਉੱਡ ਰਹੇ ਹਨ। ਇਜ਼ਰਾਈਲੀ ਹਵਾਈ ਸੈਨਾ ਹਮਾਸ ਦੇ ਟਿਕਾਣਿਆਂ ਅਤੇ ਖੁਫੀਆ ਬੰਕਰਾਂ 'ਤੇ ਚੋਣਵੇਂ ਤੌਰ 'ਤੇ ਬੰਬ ਸੁੱਟ ਰਹੀ ਹੈ। ਹੁਣ ਤੱਕ ਹਵਾਈ ਸੈਨਾ ਵੱਲੋਂ 6000 ਬੰਬ ਸੁੱਟੇ ਜਾ ਚੁੱਕੇ ਹਨ ਅਤੇ ਪੂਰੀ ਗਾਜ਼ਾ ਪੱਟੀ ਦਾ ਨਕਸ਼ਾ ਬਦਲ ਦਿੱਤਾ ਗਿਆ ਹੈ। ਹੁਣ ਜੋ ਤਸਵੀਰਾਂ ਸਾਹਮਣੇ ਆ ਰਹੀਆਂ ਹਨ, ਉਨ੍ਹਾਂ ਨੂੰ ਦੇਖ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਜ਼ਰਾਈਲ ਹੁਣ ਹਮਾਸ ਨੂੰ ਆਪਣੀਆਂ ਜੜ੍ਹਾਂ ਤੋਂ ਖਤਮ ਕਰਨ 'ਚ ਰੁੱਝਿਆ ਹੋਇਆ ਹੈ। ਇਜ਼ਰਾਈਲ ਹਮਾਸ ਦੇ ਅੱਤਵਾਦੀਆਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ੇਗਾ। ਦਰਅਸਲ ਬੀਤੇ ਦਿਨ ਹੀ ਖਬਰ ਆਈ ਸੀ ਕਿ ਹਮਾਸ ਦੇ ਅੱਤਵਾਦੀਆਂ ਨੇ 40 ਬੱਚਿਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਹੈ।

### 'ਇਜ਼ਰਾਈਲ ਅਜੇ ਸ਼ੁਰੂਆਤ



ਜੈਰੋਸਲਮ-ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਹਮਾਸ ਦੇ ਕਮਾਂਡਰ ਮਹਿਮੂਦ ਅਲ-ਜਹਰ ਨੇ ਇਕ ਮਿੰਟ ਤੋਂ ਜ਼ਿਆਦਾ ਦਾ ਵੀਡੀਉ ਜਾਰੀ ਕੀਤੀ ਹੈ। ਇਸ ਵੀਡੀਉ 'ਚ ਉਸ ਨੇ ਪੂਰੀ ਦੁਨੀਆ 'ਤੇ ਆਪਣਾ ਪ੍ਰਭਾਵ ਵਧਾਉਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਦੀ ਇਹ ਚਿਤਾਵਨੀ ਅਜਿਹੇ ਸਮੇਂ 'ਚ ਆਈ ਹੈ ਜਦੋਂ ਹਮਾਸ ਨੇ ਇਜ਼ਰਾਈਲ 'ਤੇ ਰਾਕੇਟ ਹਮਲਿਆਂ ਤੋਂ ਬਾਅਦ ਸੈਂਕੜੇ ਇਜ਼ਰਾਇਲੀ ਨਾਗਰਿਕਾਂ ਨੂੰ ਬੰਧਕ ਬਣਾ ਲਿਆ ਹੈ। ਹਮਾਸ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਵਾਈ ਹਮਲੇ ਕੀਤੇ ਸਨ, ਜਿਸ 'ਚ ਹੁਣ ਤੱਕ 1200 ਇਜ਼ਰਾਈਲੀ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਜ਼ਖਮੀ ਹੋ ਚੁੱਕੇ ਹਨ। ਇਸ ਹਮਲੇ ਤੋਂ ਬਾਅਦ ਹਮਾਸ ਦੇ ਕਮਾਂਡਰ ਮਹਿਮੂਦ ਅਲ ਜਹਰ ਨੇ ਇੱਕ ਵੀਡੀਉ ਜਾਰੀ ਕਰਕੇ ਪੂਰੀ ਦੁਨੀਆ ਨੂੰ ਚੇਤਾਵਨੀ ਦਿੱਤੀ ਹੈ। ਹਮਾਸ ਕਮਾਂਡਰ ਨੇ ਵੀਡੀਉ ਵਿੱਚ ਕਿਹਾ, "ਇਸਰਾਈਲ ਸਿਰਫ ਪਹਿਲਾ ਨਿਸ਼ਾਨਾ ਹੈ। ਸਾਰਾ ਸੰਸਾਰ ਸਾਡੇ ਕਾਨੂੰਨ ਦੇ ਅੰਦਰ ਹੋਵੇਗਾ। 510 ਮਿਲੀਅਨ ਵਰਗ ਕਿਲੋਮੀਟਰ ਦਾ ਪੂਰਾ ਸੰਸਾਰ ਇਕ ਅਜਿਹੀ ਪ੍ਰਣਾਲੀ ਦੇ ਅਧੀਨ ਆ ਜਾਵੇਗਾ ਜਿੱਥੇ ਕੋਈ ਬੇਇਨਸਾਫ਼ੀ, ਕੋਈ ਜ਼ੁਲਮ ਅਤੇ ਕੋਈ ਅਪਰਾਧ ਨਹੀਂ ਹੋਵੇਗਾ, ਜਿਵੇਂ ਕਿ ਸਾਰੇ ਅਰਬ ਦੇਸ਼ਾਂ, ਲੇਬਨਾਨ ਅਤੇ ਸੀਰੀਆ ਵਿੱਚ ਫਲਸਤੀਨੀਆਂ ਨਾਲ ਕੀਤਾ ਜਾ ਰਿਹਾ ਹੈ।

### ਬਾਈਡੇਨ ਨੇ ਅੱਤਵਾਦੀ ਸਮੂਹ ਹਮਾਸ ਦੀ ਕੀਤੀ ਨਿੰਦਾ: ਕਿਹਾ, ਅਸੀਂ ਇਜ਼ਰਾਈਲ ਨਾਲ ਖੜ੍ਹੇ ਹਾਂ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਮੰਗਲਵਾਰ ਨੂੰ ਗਾਜ਼ਾ ਪੱਟੀ ਤੋਂ ਇਜ਼ਰਾਈਲ 'ਤੇ ਹੈਰਾਨ ਕਰਨ ਵਾਲੇ ਅਤੇ ਅਚਾਨਕ ਹੋਏ ਹਮਲੇ ਲਈ ਅੱਤਵਾਦੀ ਸਮੂਹ ਹਮਾਸ ਦੀ ਨਿੰਦਾ ਕੀਤੀ ਹੈ। ਇਨ੍ਹਾਂ ਹਮਲਿਆਂ ਵਿਚ ਘੱਟੋ-ਘੱਟ 14 ਅਮਰੀਕੀ ਨਾਗਰਿਕਾਂ ਸਮੇਤ ਸੈਂਕੜੇ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ। ਬਾਇਡੇਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਜ਼ਮੀਨੀ ਸਥਿਤੀ 'ਤੇ ਚਰਚਾ ਕਰਨ ਲਈ ਮੰਗਲਵਾਰ ਨੂੰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਫੋਨ 'ਤੇ ਗੱਲ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਹਮਲੇ ਤੋਂ ਬਾਅਦ ਇਜ਼ਰਾਈਲ ਦਾ ਸਮਰਥਨ ਕਰਨ ਲਈ ਆਪਣੇ ਅਤੇ ਹੋਰ ਸਹਿਯੋਗੀਆਂ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਗੱਲ ਕੀਤੀ ਅਤੇ ਨਿਰਦੋਸ਼ ਨਾਗਰਿਕਾਂ 'ਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਅੱਤਿਆਚਾਰ ਦੀ "ਦੁਖਦਾਈ" ਘਟਨਾ 'ਤੇ ਚਿੰਤਾ ਪ੍ਰਗਟਾਈ। ਰਾਸ਼ਟਰਪਤੀ ਬਾਇਡੇਨ ਨੇ ਵ੍ਹਾਈਟ ਹਾਊਸ ਤੋਂ ਦਿੱਤੇ ਭਾਸ਼ਣ ਵਿੱਚ ਹਮਾਸ ਦੇ ਅੱਤਵਾਦੀ ਹਮਲਿਆਂ ਦੀ



ਸਖ਼ਤ ਨਿੰਦਾ ਕੀਤੀ। ਬਾਈਡੇਨ ਨੇ ਕਿਹਾ ਕਿ ਸਾਨੂੰ ਇਸ ਪਲ ਵਿੱਚ ਬਿਲਕੁਲ ਸਪੱਸ਼ਟ ਹੋਣਾ ਚਾਹੀਦਾ ਹੈ। ਅਸੀਂ ਇਜ਼ਰਾਈਲ ਦੇ ਨਾਲ ਖੜ੍ਹੇ ਹਾਂ। ਅਮਰੀਕੀ ਰਾਸ਼ਟਰਪਤੀ ਨੇ ਸਪੱਸ਼ਟ ਕੀਤਾ ਕਿ ਉਹ ਹਮਲਿਆਂ ਦੀ ਬੇਰਹਿਮੀ ਨਾਲ ਹੈਰਾਨ ਹਨ। ਇਸ ਕਾਰਨ 1,000 ਇਜ਼ਰਾਈਲੀ ਅਤੇ 14 ਅਮਰੀਕੀਆਂ ਦੀ ਮੌਤ ਹੋ ਚੁੱਕੀ ਹੈ। ਬਾਈਡੇਨ ਨੇ ਅਮਰੀਕੀਆਂ ਨੂੰ ਰਾਜਨੀਤੀ ਨੂੰ ਪਾਸੇ ਰੱਖ ਕੇ ਇਜ਼ਰਾਈਲੀਆਂ ਦੀ ਮਦਦ ਲਈ ਇਕੱਠੇ ਹੋਣ ਲਈ ਕਿਹਾ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ - ਨਾ ਯਹੂਦੀਆਂ ਦੇ ਖਿਲਾਫ, ਨਾ ਮੁਸਲਮਾਨਾਂ ਦੇ ਖਿਲਾਫ, ਨਾ ਕਿਸੇ ਹੋਰ ਦੇ ਖਿਲਾਫ। ਅਸੀਂ ਇਸ ਅੱਤਵਾਦ ਨੂੰ ਅਸਵੀਕਾਰ ਕਰਦੇ ਹਾਂ।



ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616





# ਕੈਨੇਡਿਆਈ ਵਿਦੇਸ਼ ਮੰਤਰੀ ਨਾਲ ਜੈਸ਼ੰਕਰ ਨੇ ਕੀਤੀ ਗੁਪਤ ਮੁਲਾਕਾਤ

ਨਵੀਂ ਦਿੱਲੀ-ਖਾਲਿਸਤਾਨੀ ਅਤਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮੁੱਦੇ 'ਤੇ ਪੈਦਾ ਹੋਏ ਕੂਟਨੀਤਕ ਵਿਵਾਦ ਨੂੰ ਹੱਲ ਕਰਨ ਲਈ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪਿਛਲੇ ਮਹੀਨੇ ਵਾਸ਼ਿੰਗਟਨ 'ਚ ਆਪਣੀ ਕੈਨੇਡਿਆਈ ਹਮਰੁਤਬਾ ਮੈਲੇਨੀ ਜੌਲੀ ਨਾਲ ਗੁਪਤ ਮੁਲਾਕਾਤ ਕੀਤੀ ਸੀ। ਇਸ ਸਬੰਧੀ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡਾ ਨੇ ਅਜੇ ਤੱਕ ਭਾਰਤ ਦੇ ਉਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਹੈ ਜਨ੍ਹਿਾਂ 'ਚ ਉਸ ਨੂੰ ਭਾਰਤ ਵਿਚਲੇ ਆਪਣੇ ਡਿਪਲੋਮੈਟਾਂ ਦੀ ਗਿਣਤੀ ਘਟਾ ਕੇ ਅੱਧੀ ਕਰਨ ਨੂੰ ਕਿਹਾ ਗਿਆ ਹੈ। ਸੂਤਰਾਂ ਨੇ ਹਾਲਾਂਕਿ ਦੱਸਿਆ ਕਿ ਕੈਨੇਡਾ ਦੇ ਕਈ ਡਿਪਲੋਮੈਟ ਜੋ ਉਸ ਵੇਲੇ ਦੇਸ਼ ਤੋਂ ਬਾਹਰ ਸਨ,ਵਾਪਸ ਆ ਗਏ ਹਨ। ਭਾਰਤ ਨੇ ਡਿਪਲੋਮੈਟਾਂ ਦੀ ਗਿਣਤੀ ਘਟਾਉਣ ਲਈ ਵੀਏਨਾ ਕਨਵੈਨਸ਼ਨ ਦਾ ਹਵਾਲਾ ਦਿੱਤਾ ਜਦਕਿ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਡਿਪਲੋਮੈਟਾਂ ਦੀ ਸੁਰੱਖਿਆ ਨੂੰ ਇੱਥੇ ਖਤਰਾ ਹੈ। ਇਸ ਮੁਲਾਕਾਤ ਬਾਰੇ ਵਿਦੇਸ਼ ਮੰਤਰਾਲੇ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਇਸ ਮੀਟਿੰਗ ਬਾਰੇ ਕੋਈ ਵੀ ਜਾਣਕਾਰੀ ਨਸ਼ਰ ਨਹੀਂ ਕੀਤੀ ਜਦਕਿ ਕੈਨੇਡਾ ਨੇ 'ਖ਼ਾਮੋਸ਼ ਕੂਟਨੀਤੀ' ਦੀ ਗੱਲ ਕੀਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਪਰਦੇ ਪਿੱਛੇ ਗੱਲਬਾਤ ਹੋਣ ਦਾ ਸੰਕੇਤ ਦਿੰਦਿਆਂ ਕਿਹਾ, 'ਅਸੀਂ ਇਸ ਵਿਵਾਦ ਨੂੰ ਹੋਰ ਨਹੀਂ ਵਧਾਉਣਾ ਚਾਹੁੰਦੇ। ਅਸੀਂ ਇਨ੍ਹਾਂ ਔਖੇ ਵੇਲਿਆਂ ਵਿੱਚ ਭਾਰਤ ਨਾਲ ਉਸਾਰੂ ਰਿਸ਼ਤਿਆਂ ਨੂੰ ਕਾਇਮ ਰੱਖਣ ਦੀ ਦਿਸ਼ਾ ਵਿੱਚ ਚੁੱਪਚਾਪ ਕੰਮ ਕਰ ਰਹੇ ਹਾਂ।' ਜੈਸ਼ੰਕਰ 27 ਤੋਂ 30 ਸਤੰਬਰ ਤੱਕ ਵਾਸ਼ਿੰਗਟਨ ਡੀਸੀ ਵਿੱਚ ਸਨ। ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਦੀ ਸਿਰਫ਼ ਅਮਰੀਕੀ ਆਗੂਆਂ ਤੇ ਥਿੰਕ ਟੈਂਕ ਨਾਲ ਮੀਟਿੰਗਾਂ ਦੇ ਵੇਰਵੇ ਜਾਰੀ ਕੀਤੇ ਹਨ। ਉੱਧਰ ਕੈਨੇਡਿਆਈ ਵਿਦੇਸ਼ ਮੰਤਰੀ ਜੌਲੀ ਨੇ ਅੱਜ ਓਟਵਾ 'ਚ ਇਸ ਗੱਲ ਦੇ ਸੰਕੇਤ ਦਿੱਤੇ ਹਨ ਕਿ ਨਿੱਝਰ ਕਤਲ ਮਾਮਲੇ ਮਗਰੋਂ ਪੈਦਾ ਹੋਏ ਵਿਵਾਦ ਦੇ ਹੱਲ ਲਈ ਦੋਵੇਂ ਧਿਰਾਂ ਆਪਸੀ ਸੰਪਰਕ ਵਿੱਚ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਹਮੇਸ਼ਾ ਇਹ ਗੱਲ ਕਹਿੰਦੀ ਹਾਂ ਕਿ ਜਦੋਂ ਗੱਲਬਾਤ ਨਿੱਜੀ ਹੋਵੇ ਤਾਂ ਮਸਲੇ ਦੇ ਹੱਲ ਲਈ ਕੂਟਨੀਤੀ ਬਿਹਤਰ ਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਪ੍ਰਤੀ ਵੀ ਉਨ੍ਹਾਂ ਦੀ ਪਹੁੰਚ ਹਮੇਸ਼ਾ ਇਹੀ ਰਹੇਗੀ।

# ਚੀਨ ਵਿਚ ਜਾਸੂਸੀ ਦੇ ਦੋਸ਼ ਵਿਚ ਨਜ਼ਰਬੰਦ ਪੱਤਰਕਾਰ ਆਸਟ੍ਰੇਲੀਆ ਵਾਪਿਸ ਆਈ

ਕੈਨਬਰਾ-ਜਾਸੂਸੀ ਦੇ ਦੋਸ਼ ਵਿਚ ਚੀਨ ਵਿਚ ਤਿੰਨ ਸਾਲ ਤੱਕ ਨਜ਼ਰਬੰਦ ਰਹੀ ਇਕ ਚੀਨੀ-ਆਸਟ੍ਰੇਲੀਅਨ ਪੱਤਰਕਾਰ ਹੁਣ ਆਸਟ੍ਰੇਲੀਆ ਵਾਪਿਸ ਆ ਗਈ ਹੈ। ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਬੁੱਧਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਅਲਬਾਨੀਜ਼ ਨੇ ਦੱਸਿਆ ਕਿ ਚੇਂਗ ਨੂੰ ਹਾਲ ਹੀ ਵਿੱਚ ਰਾਸ਼ਟਰੀ ਸੁਰੱਖਿਆ ਦੇ ਦੋਸ਼ਾਂ ਵਿੱਚ ਪਿਛਲੇ ਸਾਲ ਇੱਕ ਬੰਦ-ਅਦਾਲਤ ਮੁਕੱਦਮੇ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸਜ਼ਾ ਸੁਣਾਈ ਗਈ ਸੀ। ਅਲਬਾਨੀਜ਼ ਨੇ ਅੱਗੇ ਕਿਹਾ ਕਿ ਉਸਦੀ ਵਾਪਸੀ ਨੇ ਚੇਂਗ ਅਤੇ ਉਸਦੇ ਪਰਿਵਾਰ ਲਈ ਬਹੁਤ ਮੁਸ਼ਕਲ ਸਾਲਾਂ ਦਾ ਅੰਤ ਕੀਤਾ ਹੈ। ਸਰਕਾਰ ਲੰਬੇ ਸਮੇਂ ਤੋਂ ਇਸਦੀ ਮੰਗ ਕਰ ਰਹੀ ਸੀ ਅਤੇ ਉਸਦੀ ਵਾਪਸੀ ਦਾ ਨਾ ਸਿਰਫ ਉਸਦੇ ਪਰਿਵਾਰ ਅਤੇ ਦੋਸਤਾਂ ਦੁਆਰਾ ਬਲਕਿ ਸਾਰੇ ਆਸਟ੍ਰੇਲੀਆਈ ਲੋਕਾਂ ਦੁਆਰਾ ਨਿੱਘਾ ਸਵਾਗਤ ਕੀਤਾ ਜਾਵੇਗਾ। ਚੇਂਗ ਲੇਈ (48) ਚੀਨ ਦੇ ਰਾਜ ਪ੍ਰਸਾਰਕ ਸੀਸੀਟੀਵੀ ਦੇ ਅੰਤਰਰਾਸ਼ਟਰੀ ਵਿਭਾਗ ਲਈ ਕੰਮ ਕਰਦੀ ਸੀ। ਅਲਬਾਨੀਜ਼ ਨੇ ਕਿਹਾ ਕਿ ਉਸ ਨੇ ਮੈਲਬੌਰਨ ਵਿੱਚ ਆਪਣੇ ਦੋ ਬੱਚਿਆਂ ਨਾਲ ਦੁਬਾਰਾ ਮੁਲਾਕਾਤ ਕੀਤੀ ਹੈ। ਉਸ ਦੀ ਵਾਪਸੀ ਇਸ ਸਾਲ ਅਲਬਾਨੀਜ਼ ਦੀ ਬੀਜਿੰਗ ਦੀ ਯੋਜਨਾਬੱਧ ਯਾਤਰਾ ਤੋਂ ਪਹਿਲਾਂ ਹੋਈ ਹੈ, ਜਿਸ ਦਾ ਐਲਾਨ ਹੋਣਾ ਬਾਕੀ ਹੈ। ਅਲਬਾਨੀਜ਼ ਨੇ ਕਿਹਾ ਕਿ ਉਸਨੇ ਮੈਲਬੌਰਨ ਵਿੱਚ ਚੇਂਗ ਨਾਲ ਗੱਲ ਕੀਤੀ, ਜਿੱਥੇ ਉਸਦੇ ਬੱਚੇ ਆਪਣੀ ਮਾਂ ਨਾਲ ਰਹਿ ਰਹੇ ਹਨ। ਇਸ ਦੌਰਾਨ ਉਹਨਾਂ ਨੇ ਇੱਕ ਚਿੱਠੀ ਬਾਰੇ ਚਰਚਾ ਕੀਤੀ ਜੋ ਉਸਨੇ ਅਗਸਤ ਵਿੱਚ ਉਸਦੀ ਨਜ਼ਰਬੰਦੀ ਦੀ ਤੀਜੀ ਵਰ੍ਹੇਗੰਢ ਨੂੰ ਮਨਾਉਣ ਲਈ ਆਸਟ੍ਰੇਲੀਆਈ ਜਨਤਾ ਨੂੰ ਲਿਖੀ ਸੀ। ਚੀਨੀ ਮੂਲ ਦੀ ਪੱਤਰਕਾਰ ਨੇ ਆਪਣੇ ਪੱਤਰ ਵਿੱਚ ਆਪਣੇ ਗੋਦ ਲਏ ਦੇਸ਼ ਪ੍ਰਤੀ ਆਪਣੇ ਪਿਆਰ ਬਾਰੇ ਗੱਲ ਕੀਤੀ। ਪੱਤਰ ਵਿੱਚ ਉਸਨੇ ਚੀਨ ਵਿੱਚ



ਨਜ਼ਰਬੰਦੀ ਵਿੱਚ ਆਪਣੇ ਰਹਿਣ ਦੇ ਹਾਲਾਤ ਦਾ ਵਰਣਨ ਕਰਦੇ ਹੋਏ ਕਿਹਾ ਕਿ ਉਸਨੂੰ ਇੱਕ ਸਾਲ ਵਿੱਚ ਸਿਰਫ 10 ਘੰਟੇ ਧੁੱਪ ਵਿੱਚ ਖੜ੍ਹੇ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਅਲਬਾਨੀਜ਼ ਦੀ ਸਰਕਾਰ 2019 ਤੋਂ ਚੀਨ ਵਿੱਚ ਰੱਖੇ ਇੱਕ ਹੋਰ ਚੀਨੀ-ਆਸਟ੍ਰੇਲੀਅਨ ਚੇਂਗ ਅਤੇ ਯਾਂਗ ਹੇਂਗਜੁਨ ਦੀ ਰਿਹਾਈ ਲਈ ਲਾਬਿੰਗ ਕਰ ਰਹੀ ਹੈ। ਯਾਂਗ ਨੂੰ ਜਨਵਰੀ 2019 ਤੋਂ ਚੀਨ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ, ਜਦੋਂ ਉਹ ਆਪਣੀ ਪਤਨੀ ਅਤੇ ਮਤਰੇਈ ਧੀ ਨਾਲ ਨਿਊਯਾਰਕ ਤੋਂ ਗੁਆਂਗਜ਼ੂ ਪਹੁੰਚਿਆ ਸੀ। ਯਾਂਗ ਦੀ ਮਈ 2021 ਵਿੱਚ ਬੀਜਿੰਗ ਵਿੱਚ ਇੱਕ ਜਾਸੂਸੀ ਦੇ ਦੋਸ਼ ਵਿੱਚ ਬੰਦ ਦਰਵਾਜ਼ੇ ਦੀ ਸੁਣਵਾਈ ਹੋਈ ਅਤੇ ਉਹ ਅਜੇ ਵੀ ਫ਼ੈਸਲੇ ਦੀ ਉਡੀਕ ਕਰ ਰਿਹਾ ਹੈ।

# ਬੰਦ ਹੋਏ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ

ਚਮੋਲੀ-ਉਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਸਥਿਤ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਅੱਜ 11 ਅਕਤੂਬਰ ਯਾਨੀ ਬੁੱਧਵਾਰ ਦੁਪਹਿਰ ਨੂੰ ਸਰਦੀਆਂ ਦੇ ਮੌਸਮ ਲਈ ਬੰਦ ਕਰ ਦਿੱਤੇ ਗਏ। ਕਪਾਟ ਬੰਦ ਹੋਣ ਦੇ ਮੌਕੇ 'ਤੇ ਵੱਡੀ ਗਿਣਤੀ 'ਚ ਸੰਗਤਾਂ ਅਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਮੌਜੂਦ ਰਹੇ। ਸਮੁੰਦਰ ਤਲ ਤੋਂ ਕਰੀਬ 15,225 ਫੁੱਟ ਦੀ ਉਚਾਈ 'ਤੇ ਸਥਿਤ ਸਿੱਖ ਆਸਥਾ ਦੇ ਪ੍ਰਮੁੱਖ ਤੀਰਥ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਬੰਦ ਕਰਨ ਦੀ ਪ੍ਰਕਿਰਿਆ ਬੁੱਧਵਾਰ ਸਵੇਰੇ ਹੀ ਸ਼ੁਰੂ ਹੋ ਗਈ ਸੀ। ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਸਰਦੀਆਂ ਲੰਘਣ ਤੋਂ 5 ਮਹੀਨੇ ਬਾਅਦ ਖੁੱਲ੍ਹਣਗੇ। ਸਵੇਰੇ ਦਰਵਾਜ਼ੇ ਬੰਦ ਕਰਨ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਇਸ ਉਪਰੰਤ ਸੰਗਤਾਂ ਨੇ ਗੁਰੂਘਰ ਵਿੱਚ ਸ਼ਬਦ ਕੀਰਤਨ ਦਾ ਆਨੰਦ ਮਾਣਿਆ। ਕਪਾਟ ਬੰਦ ਕਰਨ ਤੋਂ ਪਹਿਲਾਂ ਅੰਤਿਮ ਅਰਦਾਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ 'ਤੇ ਸੁਸ਼ੋਭਿਤ ਕਰਕੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਦਿਆਂ ਪੰਜ ਪਿਆਰਿਆਂ ਦੀ ਅਗਵਾਈ 'ਚ ਜਲੂਸ ਕੱਢਿਆ ਗਿਆ। ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚਖੰਡ ਸਾਹਿਬ ਦੇ ਦਰਵਾਜ਼ੇ ਸੁਸ਼ੋਭਿਤ ਕਰਕੇ ਬੰਦ ਕੀਤੇ ਗਏ। ਇਸ ਮੌਕੇ 2500 ਤੋਂ 3000 ਦੇ ਕਰੀਬ ਸ਼ਰਧਾਲੂ ਦਰਸ਼ਨਾਂ ਲਈ ਪੁੱਜੇ ਹੋਏ ਸਨ। ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਬੰਦ ਕਰਨ ਮੌਕੇ ਜੋਸ਼ੀਮੱਠ ਦੇ ਗੋਵਿੰਦ ਘਾਟ ਤੋਂ ਲੈ ਕੇ ਗੋਵਿੰਦ ਧਾਮ ਸ੍ਰੀ ਹੇਮਕੁੰਟ ਸਾਹਿਬ ਗੁਰਦੁਆਰਾ ਸਾਹਿਬ ਤੱਕ ਦੇ ਸਮੁੱਚੇ ਰਸਤੇ ਨੂੰ ਸਜਾਇਆ ਗਿਆ। ਕਪਾਟਬੰਦੀ ਮੌਕੇ ਸਵੇਰੇ 10 ਵਜੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਕੀਤਾ ਗਿਆ। ਅਰਦਾਸ ਕਰਨ ਉਪਰੰਤ 12 ਵਜੇ ਦੇ ਕਰੀਬ ਸ਼ਬਦ ਕੀਰਤਨ ਆਰੰਭ ਹੋਇਆ। ਅੰਤਿਮ ਅਰਦਾਸ ਦੁਪਹਿਰ ਕਰੀਬ 1:15 ਵਜੇ ਹੋਈ ਜਿਸ ਵਿੱਚ ਸਮੂਹ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ।




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਪੰਜਾਬ ਦਾ ਮੁੱਦਾ ਪੰਜਾਬ ਦੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਏਜੰਡੇ ਉੱਪਰ ਨਹੀਂ-ਪਾਲੀ ਭੁਪਿੰਦਰ ਸਿੰਘ

## ਸਰੀ ਵਿਚ ਲਵਪ੍ਰੀਤ ਸੰਧੂ (ਲੱਕੀ) ਵੱਲੋਂ ਪਾਲੀ ਭੁਪਿੰਦਰ ਸਿੰਘ ਦੇ ਮਾਣ ਵਿੱਚ ਰੱਖੀ ਵਿਸ਼ੇਸ਼ ਮੀਟਿੰਗ






ਸਰੀ (ਹਰਦਮ ਮਾਨ)-ਪੰਜਾਬ ਬਹੁਤ ਹੀ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਪਰ ਅਫਸੋਸ ਹੈ ਕਿ ਪੰਜਾਬ ਦਾ ਮੁੱਦਾ ਪੰਜਾਬ ਦੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਏਜੰਡੇ ਉੱਪਰ ਨਹੀਂ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਲਈ ਲੋਕਾਂ ਨੂੰ ਹੀ ਲੜਾਈ ਲੜਨੀ ਪੈਣੀ ਹੈ। ਇਹ ਵਿਚਾਰ ਪੰਜਾਬੀ ਦੇ ਨਾਮਵਰ ਨਾਟਕਕਾਰ, ਫਿਲਮ ਲੇਖਕ, ਨਿਰਦੇਸ਼ਕ ਅਤੇ ਚਿੰਤਕ ਪਾਲੀ ਭੁਪਿੰਦਰ ਸਿੰਘ ਨੇ ਸਰੀ ਦੇ ਅਗਾਂਹਵਧੂ ਨੌਜਵਾਨ ਅਤੇ ਫਿਲਮ ਪ੍ਰੋਡਿਊਸਰ ਲਵਪ੍ਰੀਤ ਸੰਧੂ (ਲੱਕੀ) ਵੱਲੋਂ ਆਪਣੇ ਨਿਵਾਸ ਸਥਾਨ ਤੇ ਉਸ ਦੇ ਮਾਣ ਵਿੱਚ ਰੱਖੀ ਇੱਕ ਮੀਟਿੰਗ ਵਿੱਚ ਬੋਲਦਿਆਂ ਪ੍ਰਗਟ ਕੀਤੇ। ਇਸ ਮੀਟਿੰਗ ਵਿਚ ਸਰੀ ਅਤੇ ਵੈਨਕੂਵਰ ਇਲਾਕੇ ਦੀਆਂ ਪੰਜਾਬੀ ਸੱਭਿਆਚਾਰ, ਕਲਾ, ਸਾਹਿਤ, ਫਿਲਮ ਅਤੇ ਹੋਰ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਉੱਘੀਆਂ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੇ ਆਗਾਜ਼ ਵਿਚ ਲਵਪ੍ਰੀਤ ਸੰਧੂ (ਲੱਕੀ) ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਹਾਜਰ ਸ਼ਖ਼ਸੀਅਤਾਂ ਦੀ ਪਾਲੀ ਭੁਪਿੰਦਰ ਨਾਲ ਜਾਣ ਪਛਾਣ ਕਰਵਾਈ। ਪਾਲੀ ਭੁਪਿੰਦਰ ਸਿੰਘ ਨੇ ਬੜੀ ਬੇਬਾਕੀ ਨਾਲ ਆਪਣੇ ਜੀਵਨ ਦੀ ਸੰਘਰਸ਼ ਕਹਾਣੀ ਬਿਆਨ ਕੀਤੀ। ਆਪਣੇ ਸਾਹਿਤਕ ਸਫਰ ਦੀ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਉਹ ਪੰਜਾਬੀ ਦੇ ਮਹਾਨ ਨਾਵਲਕਾਰ ਗੁਰਦਿਆਲ ਸਿੰਘ ਅਤੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੀ ਧਰਤੀ ਜੈਤੋ ਦਾ ਜੰਮਪਲ ਹੈ ਅਤੇ ਕਾਲਜ ਵਿਚ ਪੜ੍ਹਦੇ ਸਮੇਂ ਕਵਿਤਾ ਲਿਖਣ ਤੋਂ ਸਾਹਿਤਕ ਸਫਰ ਸ਼ੁਰੂ ਕੀਤਾ ਸੀ ਤੇ ਬਾਅਦ ਵਿੱਚ ਨਾਟਕੀ ਵਿਧਾ ਨੂੰ ਅਪਣਾ ਲਿਆ। ਹੁਣ ਤੱਕ ਉਸ ਨੇ 35 ਨਾਟਕ ਲਿਖੇ ਹਨ ਜੋ ਵੱਖ ਵੱਖ ਕਲਾਸਾਂ ਦੇ ਸਿਲੇਬਸਾਂ ਵਿੱਚ ਲੱਗੇ ਹੋਏ ਹਨ। ਉਸ ਦੇ ਕਈ ਨਾਟਕ ਹਿੰਦੀ, ਮਰਾਠੀ, ਬੰਗਾਲੀ ਅਤੇ ਅੰਗਰੇਜ਼ੀ ਵਿੱਚ ਵੀ ਅਨੁਵਾਦ ਹੋ ਕੇ ਛਪ ਰਹੇ ਹਨ। ਪੰਜਾਬ ਬਾਰੇ ਗੱਲ ਕਰਦਿਆਂ ਉਸ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਇੱਕ ਬਹੁਤ ਵੱਡਾ ਤਜਰਬਾ ਕਰਕੇ, ਰਵਾਇਤੀ ਪਾਰਟੀਆਂ ਨੂੰ ਰਾਜਨੀਤਕ ਪਰਦੇ ਤੋਂ ਲਾਂਭੇ ਕਰ ਦਿੱਤਾ ਸੀ ਅਤੇ ਇੱਕ ਨਵੀਂ ਪਾਰਟੀ ਨੂੰ 92 ਸੀਟਾਂ ਦੀ ਸ਼ਾਨਦਾਰ ਜਿੱਤ ਦੁਆ ਕੇ ਪੰਜਾਬ ਦੀ ਵਾਂਗਡੋਰ ਸੰਭਾਲਣ ਦਾ ਮੌਕਾ ਦਿੱਤਾ ਪਰ ਦੁੱਖ ਦੀ ਗੱਲ ਹੈ ਕਿ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੇ ਪਦ ਚਿਨ੍ਹਾਂ ਉੱਪਰ ਚੱਲ ਰਹੀ ਹੈ ਅਤੇ ਆਪਣੇ ਵਾਅਦੇ, ਲੋਕਾਂ ਦੇ ਮਸਲੇ ਵਿਸਾਰ ਚੁੱਕੀ ਹੈ। ਸੋਸ਼ਲ ਮੀਡੀਆ ਤੇ ਸਰਗਰਮ ਹੋਣ ਬਾਰੇ ਉਸ ਨੇ ਸਪੱਸ਼ਟ ਕੀਤਾ ਕਿ ਉਸ ਨੇ ਸੋਸ਼ਲ ਮੀਡੀਆ ਨੂੰ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰ ਕੇ ਪੰਜਾਬ ਦੇ ਲੋਕ ਮਸਲਿਆਂ ਪ੍ਰਤੀ ਲੋਕਾਂ ਨੂੰ ਜਾਗ੍ਰਿਤ ਕੀਤਾ ਹੈ ਅਤੇ ਏਸ ਮੀਡੀਆ ਦੀ ਬਦੌਲਤ ਹੀ ਪੰਜਾਬ ਵਿੱਚ ਨਸ਼ਿਆਂ ਦੇ ਖਿਲਾਫ 'ਮਰੋ ਜਾਂ ਵਿਰੋਧ ਕਰੋ' ਲਹਿਰ ਚਲਾ ਕੇ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਪੁੱਠੇ ਪੈਰੀਂ ਮੁੜਨ ਲਈ ਮਜਬੂਰ ਕਰ ਦਿੱਤਾ ਸੀ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਦਾ ਮਸਲਾ ਵੀ ਸੋਸ਼ਲ ਮੀਡੀਆ ਨੂੰ ਹਥਿਆਰ ਬਣਾ ਕੇ ਹੀ ਲੜਿਆ ਹੈ ਅਤੇ ਸਭ ਤੋਂ ਪਹਿਲੀ ਲੜਾਈ 'ਪਾਰਕਿੰਗ ਮਾਫੀਆ' ਵਿਰੁੱਧ ਲੜੀ ਅਤੇ ਲੁਧਿਆਣਾ, ਜਗਰਾਉਂ, ਮੋਗਾ ਦੇ ਇਲਾਕੇ ਵਿੱਚ ਹੋ ਰਹੀ ਗੁੰਡਾਗਰਦੀ ਨੂੰ ਬੰਦ ਕਰਵਾਇਆ ਸੀ। ਪਾਲੀ ਭੁਪਿੰਦਰ ਸਿੰਘ ਨੇ ਇਹ ਵੀ ਪ੍ਰਵਾਨ ਕੀਤਾ ਕਿ ਰਾਜਨੀਤੀ ਵਿੱਚ ਆਉਣ ਕਰਕੇ ਉਸ ਨੂੰ ਆਪਣੇ ਨਾਟਕ ਅਤੇ ਫਿਲਮਾਂ ਦੇ ਖੇਤਰ ਵਿੱਚ ਵੀ ਕਾਫੀ ਨੁਕਸਾਨ ਸਹਿਣਾ ਪਿਆ ਹੈ ਅਤੇ ਹੁਣ ਵੁਸ ਨੇ ਆਪਣੇ ਨਾਟਕ ਤੇ ਫਿਲਮਾਂ ਦੇ ਅਸਲੀ ਕਾਰਜ ਵੱਲ ਸਾਰਾ ਧਿਆਨ ਫੋਕਸ ਕਰਨ ਦਾ ਫੈਸਲਾ ਕੀਤਾ ਹੈ। ਉਸ ਨੇ ਇਹ ਵੀ ਇਸ਼ਾਰਾ ਕੀਤਾ ਕਿ ਆਉਂਦੇ ਦਿਨਾਂ ਵਿੱਚ ਸਰੀ, ਵੈਨਕੂਵਰ ਦੀ ਬਹੁਤ ਹੀ ਖ਼ੂਬਸੂਰਤ ਫ਼ਿਜ਼ਾਅ ਵਿਚ ਲੱਕੀ ਸੰਧੂ ਜਿਹੇ ਦੋਸਤਾਂ ਨਾਲ ਰਲ ਕੇ ਪੰਜਾਬੀ ਫਿਲਮਾਂ ਲਈ ਨਿੱਗਰ ਕਾਰਜ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜੋਤੀ ਸਹੋਤਾ, ਡਾ. ਹਾਕਮ ਸਿੰਘ ਭੁੱਲਰ, ਵਿਸ਼ਾਲ ਗਰਗ, ਜੇ. ਮਿਨਹਾਸ, ਜੇ. ਐਸ. ਚੀਮਾ, ਇੰਦਰਜੀਤ ਬੈਂਸ, ਭੁਪਿੰਦਰ ਮੱਲ੍ਹੀ, ਨਵਦੀਪ ਬਾਜਵਾ, ਪ੍ਰੋ. ਗੋਪਾਲ ਸਿੰਘ ਬੁੱਟਰ, ਹਰਦਮ ਮਾਨ, ਅੰਗਰੇਜ਼ ਬਰਾੜ, ਅਸ਼ੋਕ ਬਾਂਸਲ ਮਾਨਸਾ, ਬਲਵੀਰ ਬੋਪਾਰਾਏ, ਡਾ. ਸ਼ਬਨਮ ਮੱਲ੍ਹੀ, ਅਮਨ ਧਾਲੀਵਾਲ, ਕਰਮ ਬਾਠ, ਰੂਪਨ ਕਾਹਲੋਂ, ਬਲਰਾਜ ਸਿਵੀਆ, ਡਾ. ਸਈਅਦ ਫਰੀਦ, ਮਨਪ੍ਰੀਤ ਜਵੰਦਾ, ਰਣਦੀਪ ਖਹਿਰਾ ਅਤੇ ਨਵਤੇਜ ਸੰਧੂ ਸ਼ਾਮਲ ਹੋਏ।

NG NAIYA GILL
NAIYA GILL PROFESSIONAL LAW CORPORATION
PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੌਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca

# ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਦੇ ਪੇਂਡੂ ਖੇਡ ਮੇਲੇ 'ਚ 800 ਖਿਡਾਰੀ ਸ਼ਾਮਲ ਹੋਏ

ਸਰੀ (ਹਰਦਮ ਮਾਨ)-ਇੰਟਰਨੈਸ਼ਨਲ ਸਟੂਡੈਂਟ ਯੂਨੀਅਨ (ISU) ਵੱਲੋਂ ਬੀਤੇ ਦਿਨੀਂ ਸਰੀ ਦੇ ਪ੍ਰਿੰਸੇਸ ਮਾਰਗਰੇਟ ਪਾਰਕ ਵਿਖੇ ਤੀਜਾ ਪੇਂਡੂ ਖੇਡ ਮੇਲਾ 2023 ਕਰਵਾਇਆ ਗਿਆ ਜਿਸ 800 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਇਹ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਪ੍ਰਧਾਨ ਜਸ਼ਨਪ੍ਰੀਤ ਸਿੰਘ ਅਤੇ ਸਕੱਤਰ ਰੋਮਨਪ੍ਰੀਤ ਨੇ ਦੱਸਿਆ ਹੈ ਕਿ ਖੇਡ ਮੇਲੇ ਵਿਚ ਕ੍ਰਿਕਟ, ਵਾਲੀਬਾਲ, ਬੈਡਮਿੰਟਨ,





ਮਿਊਜ਼ੀਕਲ ਚੇਅਰ, ਸੀਪ ਆਦਿ ਦੇ ਮੁਕਾਬਲੇ ਕਰਵਾਏ ਗਏ। ਕ੍ਰਿਕਟ ਮੁਕਾਬਲੇ ਵਿਚ ਬਾਬਾ ਇਲੈਵਨ ਦੀ ਟੀਮ ਜੇਤੂ ਰਹੀ ਅਤੇ ਸਮਰ ਇਲੈਵਨ ਰਨਰ ਅੱਪ ਰਹੀ। ਬੈਡਮਿੰਟਨ ਵਿਚ ਰੁਪਿੰਦਰ ਕੌਰ ਢਿੱਲੋਂ ਨੇ ਜਿੱਤ ਹਾਸਲ ਕੀਤੀ। ਵਾਲੀਬਾਲ ਮੁਕਾਬਲੇ ਵਿਚ ਬੀ.ਸੀ. ਫਰੈਂਡਲੀ ਵਾਲੀਬਾਲ ਕਲੱਬ ਦੀ ਟੀਮ ਜੇਤੂ ਬਣੀ ਅਤੇ ਸਰੀ ਸਪਾਈਕਰ ਰਨਰ ਅੱਪ ਰਹੀ। ਮਿਊਜ਼ੀਕਲ ਚੇਅਰ ਦਾ ਦਿਲਚਸਪ ਮੁਕਾਬਲਾ ਸੁਖਮਨ ਗਿੱਲ ਨੇ ਆਪਣੇ ਨਾਮ ਕੀਤਾ। ਯੂਨੀਅਨ ਵੱਲੋਂ ਜੇਤੂ ਖਿਡਾਰੀਆਂ ਅਤੇ ਟੀਮਾਂ ਨੂੰ ਇਨਾਮ ਪ੍ਰਦਾਨ ਕੀਤੇ ਗਏ। ਮੁਕਾਬਲੇ ਦੌਰਾਨ ਖਿਡਾਰੀਆਂ ਨੂੰ ਆਪਣਾ ਅਸ਼ੀਰਵਾਦ ਦੇਣ ਲਈ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਵਿਸ਼ੇਸ਼ ਤੌਰ ਤੇ ਪਹੁੰਚੇ। ਯੂਨੀਅਨ ਵੱਲੋਂ ਖੇਡ ਮੇਲੇ ਦੇ ਸਹਿਯੋਗੀਆਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਨਮਾਨ ਚਿੰਨ੍ਹ ਦਿੱਤੇ ਗਏ।







mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE®
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA





Stunning view terraces, balconies and private outdoor amenities

28-acre masterplan with skytrain on-site

Market-leading retail and a celebrated culinary collection

Luxury studio to 4-bed homes starting from the high $600,000's




**TOWER SIX HOMES NOW SELLING**

PRESENTATION CENTRE & SHOW HOMES
301-4567 LOUGHEED HWY, BURNABY

**REGISTER TO BOOK YOUR APPOINTMENT**
**THEAMAZINGBRENTWOOD.COM**

SHAPE
SALES & MARKETING BY SHAPE MARKETING

This is not an offering for sale. Any such offering can only be made with a Disclosure Statement. E.&O.E.





# ਗੁਰੂ ਨਾਨਕ ਫੂਡ ਬੈਂਕ ਸਰੀ ਨੇ ਸ਼ੁਕਰਾਨਾ ਦਿਵਸ (ਥੈਂਕਸ ਗਿਵਿੰਗ ਡੇ) ਮਨਾਇਆ



ਸਰੀ (ਹਰਦਮ ਮਾਨ)-ਗੁਰੂ ਨਾਨਕ ਫੂਡ ਬੈਂਕ ਸਰੀ ਵੱਲੋਂ ਰਿਫਲੈਕਸ਼ਨ ਬੈਂਕੁਇਟ ਹਾਲ ਵਿਚ ਸ਼ੁਕਰਾਨਾ ਦਿਵਸ (ਥੈਂਕਸ ਗਿਵਿੰਗ ਡੇ) ਮਨਾਇਆ ਗਿਆ ਜਿਸ ਵਿਚ ਸ਼ਾਮਲ ਹੋ ਕੇ ਸੈਂਕੜੇ ਲੋਕਾਂ ਨੇ ਪ੍ਰੀਤੀ ਭੋਜ ਦਾ ਅਨੰਦ ਮਾਣਿਆ। ਗੁਰੂ ਨਾਨਕ ਫੂਡ ਬੈਂਕ ਦੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਨੇ ਇਸ ਮੌਕੇ ਫੂਡ ਬੈਂਕ ਦੇ ਦਾਨੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਾਨੀਆਂ ਦੇ ਸਹਿਯੋਗ ਨਾਲ ਹੀ ਗੁਰੂ ਨਾਨਕ ਫੂਡ ਬੈਂਕ ਵੱਲੋਂ ਪਿਛਲੇ ਤਿੰਨ ਸਾਲਾਂ ਵਿਚ 38 ਮਿਲੀਅਨ ਡਾਲਰ ਦੀਆਂ ਖੁਰਾਕੀ ਵਸਤਾਂ ਲੋੜਵੰਦਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਫੂਡ ਬੈਂਕ ਹਰ ਮਹੀਨੇ ਲੱਗਭੱਗ 15 ਹਜਾਰ ਪਰਿਵਾਰਾਂ ਦਾ ਸਹਾਰਾ ਬਣ ਰਿਹਾ ਹੈ। ਭਾਈਚਾਰੇ ਦੇ ਭਰਵੇਂ ਯੋਗਦਾਨ ਸਦਕਾ ਹੀ ਗੁਰੂ ਨਾਨਕ ਫੂਡ ਬੈਂਕ ਇਕ ਦਿਨ ਵਿਚ 213 ਟਨ ਭੋਜਨ ਇਕੱਤਰ ਕਰਨ ਦਾ ਨਵਾਂ ਰਿਕਾਰਡ ਵੀ ਕਾਇਮ ਕਰ ਸਕਿਆ ਹੈ। ਗਿਆਨੀ ਨਰਿੰਦਰ ਸਿੰਘ ਨੇ ਕਿਹਾ ਕਿ ਹੁਣ ਗੁਰੂ ਨਾਨਕ ਫੂਡ ਬੈਂਕ ਸਿਰਫ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਣ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਕਮਿਊਨਿਟੀ ਵੱਲੋਂ ਇਸ ਨੂੰ ਜੋ ਦਿੱਤਾ ਜਾ ਰਿਹਾ ਹੈ, ਉਸ ਨੂੰ ਵਾਪਸ ਮੋੜਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਸੰਬਧ ਵਿਚ ਛੁੱਟੀਆਂ ਦੌਰਾਨ 35-40 ਸਕੂਲੀ ਬੱਚਿਆਂ ਵੱਲੋਂ ਵਲੰਟੀਅਰ ਦੇ ਤੌਰ 'ਤੇ ਨਿਭਾਈ ਸੇਵਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਵਾਲੰਟੀਅਰਾਂ ਵੱਲੋਂ ਹੁਣ ਤੱਕ ਗੁਰੂ ਨਾਨਕ ਫੂਡ ਬੈਂਕ ਵਿਚ ਇਕ ਲੱਖ ਘੰਟੇ ਵਾਲੰਟੀਅਰ ਸੇਵਾ ਕੀਤੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਗੁਰੂ ਨਾਨਕ ਫੂਡ ਬੈਂਕ ਵੱਲੋਂ ਇਕ ਡਿਜ਼ੀਟਲ ਪਲੇਟਫਾਰਮ ਸਥਾਪਿਤ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ, ਵਰਕ ਪਰਮਿਟ ਧਾਰਕਾਂ ਅਤੇ ਵਿਤਕਰੇ ਦਾ ਸ਼ਿਕਾਰ ਹੋ ਰਹੇ ਦਾ ਸੋਸ਼ਣ ਰੋਕਿਆ ਜਾ ਸਕੇ। ਉਨ੍ਹਾਂ ਡੈਲਟਾ ਸਿਟੀ, ਡੈਲਟਾ ਪੁਲਿਸ, ਸਰੀ ਪੁਲਿਸ, ਡੈਲਟਾ ਤੇ ਸਰੀ ਦੇ ਫਾਇਰ ਫਾਈਟਰਾਂ ਅਤੇ ਰਿਫਲੈਕਸ਼ਨ ਬੈਂਕੁਇਟ ਹਾਲ ਦੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਗੁਰੂ ਨਾਨਕ ਫੂਡ ਬੈਂਕ ਦੇ ਡਾਇਰੈਕਟਰ ਜਤਿੰਦਰ ਜੇ ਮਿਨਹਾਸ ਨੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਫੂਡ ਬੈਂਕ ਦੀ ਡੈਲਟਾ ਬਰਾਂਚ ਵਿਚ ਕੂਲਰ ਲੱਗ ਗਿਆ ਹੈ ਅਤੇ ਹੁਣ ਲੋੜਵੰਦਾਂ ਨੂੰ ਹਰੀਆਂ ਸਬਜ਼ੀਆਂ ਵੀ ਉਪਲਬਧ ਹੋ ਸਕਣਗੀਆਂ। ਇਸ ਮੌਕੇ ਵਾਲੰਟੀਅਰ ਬੱਚਿਆਂ ਵੱਲੋਂ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ।









ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਬਾਟਲਾ ਹਾਊਸ ਐਨਕਾਊਂਟਰ ਮਾਮਲੇ 'ਚ ਅਰੀਜ਼ ਖਾਨ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਤਬਦੀਲ

ਨਵੀਂ ਦਿੱਲੀ-ਦਿੱਲੀ ਹਾਈਕੋਰਟ ਨੇ 2008 ਦੇ ਬਾਟਲਾ ਹਾਊਸ ਐਨਕਾਊਂਟਰ ਮਾਮਲੇ 'ਚ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਦਿੱਲੀ ਪੁਲਿਸ ਇੰਸਪੈਕਟਰ ਮੋਹਨ ਚੰਦਰ ਸ਼ਰਮਾ ਦੀ ਹੱਤਿਆ ਦੇ ਦੋਸ਼ੀ ਅਰੀਜ਼ ਖਾਨ ਦੀ ਮੌਤ ਦੀ ਸਜ਼ਾ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਨੇ ਅਰੀਜ਼ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਕਰ ਦਿੱਤਾ ਹੈ। ਮਾਰਚ 2021 ਵਿੱਚ, ਦਿੱਲੀ ਦੀ ਇੱਕ ਹੇਠਲੀ ਅਦਾਲਤ ਨੇ ਬਾਟਲਾ ਹਾਊਸ ਮੁਕਾਬਲੇ ਵਿੱਚ ਅਰਿਜ਼ ਖਾਨ ਨੂੰ ਦੋਸ਼ੀ ਠਹਿਰਾਇਆ ਸੀ ਅਤੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇਸ ਦੇ ਨਾਲ ਹੀ ਅਦਾਲਤ ਨੇ ਅਰੀਜ਼ ਖਾਨ 'ਤੇ 11 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਸੀ ਅਤੇ ਮ੍ਰਿਤਕ ਥਾਣੇਦਾਰ ਮੋਹਨ ਚੰਦਰ ਸ਼ਰਮਾ ਦੇ ਪਰਿਵਾਰ ਨੂੰ ਤੁਰੰਤ 10 ਲੱਖ ਰੁਪਏ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਨੇ ਆਪਣੇ ਫੈਸਲੇ 'ਚ ਅਰੀਜ਼ ਨੂੰ ਦੋਸ਼ੀ ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਹ ਸਾਬਤ ਹੋ ਗਿਆ ਹੈ ਕਿ ਅਰੀਜ਼ ਅਤੇ ਉਸ ਦੇ ਸਾਥੀਆਂ ਨੇ ਪੁਲਸ ਅਧਿਕਾਰੀ ਦੀ ਹੱਤਿਆ ਕੀਤੀ ਸੀ। ਇਸ ਤੋਂ ਬਾਅਦ ਦਿੱਲੀ ਹਾਈਕੋਰਟ ਨੇ ਇਸ ਮਾਮਲੇ 'ਚ ਦਿੱਲੀ ਪੁਲਸ ਅਤੇ ਅਰੀਜ਼ ਦੇ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਗਸਤ ਮਹੀਨੇ 'ਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਹੋਏ ਲੜੀਵਾਰ ਬੰਬ ਧਮਾਕਿਆਂ ਤੋਂ ਬਾਅਦ ਮਾਮਲੇ ਦੀ ਜਾਂਚ ਕਰਦੇ ਹੋਏ ਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ 19 ਸਤੰਬਰ 2008 ਨੂੰ ਜਾਮੀਆ ਇਲਾਕੇ ਦੇ ਬਾਟਲਾ ਹਾਊਸ ਵਿੱਚ ਪਹੁੰਚਿਆ ਸੀ। ਹਾਲਾਂਕਿ, ਪੁਲਿਸ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ ਹੋਇਆ ਜਿਸ ਵਿੱਚ ਇੰਸਪੈਕਟਰ ਮੋਹਨ ਚੰਦ ਸ਼ਰਮਾ ਸ਼ਹੀਦ ਹੋ ਗਏ। ਫਿਰ ਆਰਿਜ਼ ਖਾਨ ਮੌਕੇ ਤੋਂ ਫਰਾਰ ਹੋ ਗਿਆ। ਹਾਲਾਂਕਿ, ਪੁਲਿਸ ਨੇ ਖੋਜ ਜਾਰੀ ਰੱਖੀ ਅਤੇ 2018 ਵਿੱਚ ਅਰਿਜ਼ ਨੂੰ ਗ੍ਰਿਫਤਾਰ ਕਰ ਲਿਆ। ਤੁਹਾਨੂੰ ਦੱਸ ਦੇਈਏ ਕਿ ਪੁਲਿਸ ਨੇ ਅਰੀਜ਼ ਨੂੰ ਦੇਸ਼ ਵਿਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਇੰਡੀਅਨ ਮੁਜਾਹਿਦੀਨ ਦਾ ਮੈਂਬਰ ਦੱਸਿਆ ਹੈ।








# ਤਰਕਸ਼ੀਲ ਸੋਸਾਇਟੀ ਕੈਨੇਡਾ ਵੱਲੋਂ ਐਬਸਫੋਰਡ ਵਿਖੇ ਨਵੇਂ ਯੂਨਿਟ ਦੀ ਸਥਾਪਨਾ

ਸਰੀ (ਹਰਦਮ ਮਾਨ)-ਤਰਕਸ਼ੀਲ ਸੋਸਾਇਟੀ ਕਨੇਡਾ ਵੱਲੋਂ ਐਬਸਫੋਰਡ ਵਿਖੇ ਸੋਸਾਇਟੀ ਦੇ ਨਵੇਂ ਯੂਨਿਟ ਦੀ ਸਥਾਪਨਾ ਲਈ ਬੀਤੇ ਦਿਨ ਸੋਸਾਇਟੀ ਦੇ ਕੌਮੀ ਪ੍ਰਧਾਨ ਬਾਈ ਅਵਤਾਰ ਅਤੇ ਕੌਮੀ ਜਨਰਲ ਸਕੱਤਰ ਹਰਦੇਵ ਰਹਿਪਾ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸੋਸਾਇਟੀ ਦੇ ਸੰਵਿਧਾਨ ਅਤੇ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਸ਼ਾਮਿਲ ਮੈਂਬਰਾਂ ਨੇ ਸਮਾਜ ਵਿੱਚ ਵਿਗਿਆਨਿਕ ਵਿਚਾਰਧਾਰਾ ਦੇ ਵਿਸਥਾਰ ਲਈ ਵੱਧ ਚੜ੍ਹ ਕੇ ਭਾਗ ਲੈਣ ਦਾ ਪ੍ਰਣ ਕੀਤਾ। 22 ਅਵਤਾਰ ਦੀ ਪ੍ਰਧਾਨਗੀ ਹੇਠ ਐਬਸਫੋਰਡ ਯੂਨਿਟ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਜੋ ਕਿ ਦੋ ਸਾਲਾਂ ਲਈ ਕਾਰਜਸ਼ੀਲ ਰਹੇਗੀ। ਇਸ ਚੋਣ ਵਿੱਚ ਸੁਖਦੇਵ ਮਾਨ-ਪ੍ਰਧਾਨ, ਸੁਰਿੰਦਰ ਚਾਹਲ - ਜਨਰਲ ਸਕੱਤਰ, ਸੁਖਵਿੰਦਰ ਗਿੱਲ - ਉਪ ਪ੍ਰਧਾਨ, ਪ੍ਰੋਫੈਸਰ ਦਰਸ਼ਨ ਸਿੰਘ ਧਾਲੀਵਾਲ - ਸਹਾਇਕ ਸਕੱਤਰ, ਸਾਧੂ ਸਿੰਘ ਗਿੱਲ ਝੋਰੜਾਂ - ਵਿੱਤ ਸਕੱਤਰ ਅਤੇ ਡਾਕਟਰ ਜੋਰਾ ਸਿੰਘ ਬਰਾੜ, ਜਗਰੂਪ ਧਾਲੀਵਾਲ, ਗੁਰਜੀਤ ਰਾਏਸਰ ਤੇ ਇੰਜ. ਪਿਆਰਾ ਸਿੰਘ ਚਾਹਲ ਕਾਰਜਕਾਰੀ ਮੈਂਬਰ ਚੁਣੇ ਗਏ।




# ਇਜ਼ਰਾਈਲ ਵਿਰੋਧੀ ਪੋਸਟਸ ਪਾਉਣ ਵਾਲੇ ਪਾਇਲਟ ਨੂੰ ਏਅਰ ਕੈਨੇਡਾ ਨੇ ਕੱਢਿਆ

ਮਾਂਟਰੀਅਲ-ਮਾਂਟਰੀਅਲ ਵਿੱਚ ਹੋਏ ਮੁਜ਼ਾਹਰੇ ਦੌਰਾਨ ਆਪਣੇ ਵੱਲੋਂ ਪਾਈਆਂ ਗਈਆਂ ਇਜ਼ਰਾਈਲ ਵਿਰੋਧੀ ਪੋਸਟਸ ਕਾਰਨ ਏਅਰ ਕੈਨੇਡਾ ਦੇ ਇੱਕ ਪਾਇਲਟ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਐਕਸ ਉੱਤੇ ਬੁੱਧਵਾਰ ਨੂੰ ਪੋਸਟ ਕੀਤੇ ਗਏ ਇੱਕ ਮੈਸੇਜ ਵਿੱਚ ਏਅਰ ਕੈਨੇਡਾ ਨੇ ਆਖਿਆ ਕਿ ਸਾਡੇ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਜਾਂਦੀ ਹੈ ਕਿ ਜਿਸ ਪਾਇਲਟ ਵੱਲੋਂ ਇਹ ਪੋਸਟਸ ਸਾਂਝੀਆਂ ਕੀਤੀਆਂ ਗਈਆਂ ਹਨ ਉਹ ਹੁਣ ਏਅਰ ਕੈਨੇਡਾ ਲਈ ਕੰਮ ਨਹੀਂ ਕਰਦਾ।ਕੰਪਨੀ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਪੋਸਟਸ ਸਵੀਕਾਰਨਯੋਗ ਨਹੀਂ ਹਨ। ਯੂਐਸ ਸਥਿਤ ਗਰੁੱਪ ਵੱਲੋਂ ਇਨਸਟਾਗ੍ਰਾਮ ਉੱਤੇ ਉਹ ਸਕਰੀਨ ਸ਼ੌਟਸ ਸਾਂਝੇ ਕੀਤੇ ਗਏ ਜਿਹੜੇ ਮੋਸਤਫਾ ਐਜ਼ੋ ਨਾਂ ਦੇ ਇਸ ਫਲਸਤੀਨ ਪੱਖੀ ਪਾਇਲਟ ਵੱਲੋਂ ਸਾਂਝੇ ਕੀਤੇ ਗਏ ਸਨ। ਇਨ੍ਹਾਂ ਵਿੱਚ ਉਸ ਨੇ ਪਾਇਲਟ ਵਾਲੀ ਯੂਨੀਫਰਮ ਪਾ ਕੇ ਫਲਸਤੀਨ ਪੱਖੀ ਸਾਈਨ ਫੜ੍ਹਿਆ ਹੋਇਆ ਸੀ ਤੇ ਮਾਂਟਰੀਅਲ ਵਿੱਚ ਕੀਤੇ ਜਾ ਰਹੇ ਮੁਜ਼ਾਹਰੇ, ਜਿਸ ਵਿੱਚ ਹਿਟਲਰ ਦਾ ਹਵਾਲਾ ਸੀ, ਵਿੱਚ ਉਸ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।



# ਹਮ ਰਾਜ ਕੁਮਾਰ ਹੈਂ ਜਾਨੀ...

ਸੁਖਮਿੰਦਰ ਸਿੰਘ ਸੇਖੋਂ


ਫਿਲਮ ਸਟਾਰ ਰਾਜ ਕੁਮਾਰ ਦਾ ਚਿਹਰਾ ਸਾਹਮਣੇ ਆਉਂਦਿਆਂ ਹੀ ਉਸ ਦੀ ਆਵਾਜ਼, ਅਦਾਕਾਰੀ, ਸ਼ੈਲੀ ਤੇ ਰਾਜ ਕੁਮਾਰਾਨਾ ਸਟਾਈਲ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਉਸ ਦਾ ਜਨਮ 8 ਅਕਤੂਬਰ 1926 ਨੂੰ ਕਸ਼ਮੀਰੀ ਪੰਡਿਤ ਪਰਿਵਾਰ ਵਿੱਚ ਬਲੋਚਿਸਤਾਨ ਵਿਖੇ ਹੋਇਆ। ਪੜ੍ਹ ਲਿਖ ਕੇ ਉਹ ਵੱਡਾ ਹੋਇਆ ਤਾਂ ਉਸ ਨੂੰ ਪੁਲੀਸ ਮਹਿਕਮੇ ਵਿੱਚ ਸਬ ਇੰਸਪੈਕਟਰ ਦੀ ਨੌਕਰੀ ਮਿਲ ਗਈ। ਉਸ ਦੀ ਪੋਸਟਿੰਗ ਵੀ ਬੰਬਈ ਦੀ ਹੋ ਗਈ। ਇੱਥੇ ਉਸ ਦੇ ਇੱਕ ਨੇੜਲੇ ਫਿਲਮੀ ਮਿੱਤਰ ਨੇ ਉਸ ਨੂੰ ਫਿਲਮਾਂ ਵਿੱਚ ਕੰਮ ਕਰਨ ਦੀ ਪੇਸ਼ਕਸ਼ ਕੀਤੀ, ਪਰ ਉਸ ਨੇ ਸਾਫ਼ ਨਾਂਹ ਕਰ ਦਿੱਤੀ ਕਿ ਉਹ ਫਿਲਮਾਂ ਨਹੀਂ ਦੇਖਦਾ, ਫਿਲਮਾਂ ਵਿੱਚ ਅਦਾਕਾਰੀ ਤਾਂ ਦੂਰ ਰਹੀ। ਫਿਰ ਦੋਸਤ ਅਤੇ ਕੁਝ ਹੋਰਨਾਂ ਨੇੜਲਿਆਂ ਦੇ ਦਬਾਅ ਹੇਠ ਉਸ ਨੇ ਆਪਣੀ ਫੋਟੋ ਜ਼ਰੂਰ ਦੇ ਦਿੱਤੀ। ਨਿਰਮਾਤਾ ਨੂੰ ਉਸ ਦੀ ਤਸਵੀਰ ਪਸੰਦ ਆ ਗਈ ਤੇ ਉਸ ਨੇ ਰਾਜ ਕੁਮਾਰ ਨੂੰ ਆਪਣੀ ਇੱਕ ਫਿਲਮ 'ਰੰਗੀਲੀ' (1952) ਦਾ ਹੀਰੋ ਬਣਾ ਦਿੱਤਾ।

ਇਸ ਤਰ੍ਹਾਂ ਕੁਲਭੂਸ਼ਨ ਪੰਡਿਤ ਫਿਲਮਾਂ ਦਾ ਰਾਜ ਕੁਮਾਰ ਹੋ ਗਿਆ। ਉਸ ਦੇ ਫਿਲਮੀ ਸਫ਼ਰ ਦਾ ਆਗਾਜ਼ ਚੰਗਾ ਰਿਹਾ ਅਤੇ ਹੋਰ ਵੀ ਫਿਲਮਸਾਜ਼ਾਂ ਨੇ ਉਸ ਨੂੰ ਆਪਣੀਆਂ ਫਿਲਮਾਂ ਵਿੱਚ ਨਾਇਕ ਜਾਂ ਸਹਿ ਨਾਇਕ ਦੀਆਂ ਭੂਮਿਕਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ। ਬਲੈਕ ਐਂਡ ਵ੍ਹਾਈਟ ਫਿਲਮ 'ਉਜਾਲਾ' ਵਿੱਚ ਬੇਸ਼ੱਕ ਸ਼ੰਮੀ ਕਪੂਰ ਹੀਰੋ ਸੀ, ਪਰ ਇੱਕ ਆਵਾਰਾ ਕਿਸਮ ਦੇ ਕਿਰਦਾਰ ਵਿੱਚ ਰਾਜ ਕੁਮਾਰ ਵੀ ਹਾਜ਼ਰ ਸੀ। ਗੀਤ ਬੇਸ਼ੱਕ ਸ਼ੰਮੀ ਦੇ ਹਿੱਸੇ ਆਏ, ਪਰ ਤਾੜੀਆਂ ਰਾਜ ਕੁਮਾਰ ਦੇ ਡਾਇਲਾਗ ਅਤੇ ਅੰਦਾਜ਼ ਦੇ ਹਿੱਸੇ ਆਈਆਂ। ਫਿਲਮ 'ਮਦਰ ਇੰਡੀਆ' ਉਸ ਦੀ ਇੱਕ ਯਾਦਗਾਰੀ ਫਿਲਮ ਹੈ। ਇਸ ਫਿਲਮ ਵਿੱਚ ਉਹ ਨਰਗਿਸ ਦਾ ਪਤੀ ਬਣਿਆ। ਇੱਕ ਕਿਸਾਨ ਦੀ ਬੇਵਸੀ ਅਤੇ ਲਾਚਾਰੀ ਨੂੰ ਦਰਸਾਉਂਦੇ ਇਸ ਕਿਰਦਾਰ ਵਿੱਚ ਰਾਜ ਕੁਮਾਰ ਇੱਕ ਐਕਟਰ ਵਜੋਂ ਦਰਸ਼ਕਾਂ ਨੇ ਪ੍ਰਵਾਨ ਕੀਤਾ। ਨਵੀਂ ਰੌਸ਼ਨੀ ਵਿੱਚ ਵੀ ਉਸ ਨੇ ਆਪਣੇ ਕਿਰਦਾਰ ਨੂੰ ਆਪਣੀ ਅਦਾਕਾਰੀ ਨਾਲ ਰੁਸ਼ਨਾ ਦਿੱਤਾ, ਪਰ ਰਾਮ ਮਹੇਸ਼ਵਰੀ ਦੀ 'ਕਾਜਲ' ਵਿੱਚ ਬੇਸ਼ੱਕ ਧਰਮਿੰਦਰ ਹੀਰੋਇਨ ਪਦਮਨੀ ਨਾਲ ਰੁਮਾਂਟਿਕ ਹੀਰੋ ਸੀ, ਪਰ ਰਾਜ ਕੁਮਾਰ ਨੇ ਮੀਨਾ ਕੁਮਾਰੀ ਦੇ ਪਤੀ ਦੀ ਭੂਮਿਕਾ ਨੂੰ ਬਾਖ਼ੂਬੀ ਨਿਭਾਇਆ। ਸਾਹਿਰ ਦੇ ਗੀਤਾਂ ਤੇ ਰਵੀ ਦੇ ਸੰਗੀਤ ਨਾਲ ਸਜੀ ਇਸ ਫਿਲਮ ਵਿੱਚ ਜਿੱਥੇ ਰਾਜ ਕੁਮਾਰ ਆਪਣੇ 'ਤੇ ਫਿਲਮਾਏ ਗੀਤਾਂ ਵਿੱਚ ਜਾਨ ਪਾਉਣ ਦਾ ਕਾਰਨ ਬਣਿਆ, ਉੱਥੇ ਆਪਣੀ ਨਿਰਾਲੀ ਅਦਾਕਾਰੀ ਦਾ ਲੋਹਾ ਵੀ ਸਹਿਜੇ ਹੀ ਮਨਵਾ



ਗਿਆ। ਉਸ 'ਤੇ ਫਿਲਮਾਏ ਮੁਹੰਮਦ ਰਫੀ ਦੇ ਦੋ ਗੀਤ ਧਿਆਨ ਦੀ ਮੰਗ ਕਰਦੇ ਹਨ, ਜਿਨ੍ਹਾਂ ਵਿੱਚ ਰਾਜ ਦੀਆਂ ਅਦਾਵਾਂ ਨੇ ਦਰਸ਼ਕ ਕੀਲ ਛੱਡੇ ਸਨ, 'ਯੇ ਜ਼ੁਲਫ ਅਗਰ ਬਿਖਰ ਜਾਏ ਤੋ ਅੱਛਾ' ਜਾਂ ਫਿਰ 'ਛੂ ਲੇਨੇ ਦੋ ਨਾਜ਼ੁਕ ਹੋਂਠੋ ਕੋ-ਕੁਛ ਔਰ ਨਹੀਂ ਜਾਮ ਹੈ ਯੇ'।

ਇੱਕ ਹੋਰ ਫਿਲਮ 'ਮੇਰੇ ਹਜ਼ੂਰ' ਵਿੱਚ ਉਸ ਨਾਲ ਜਤਿੰਦਰ ਵੀ ਸੀ, ਪਰ ਉਸ ਦਾ ਕਿਰਦਾਰ ਨਵਾਬੀ ਸ਼ਾਨ ਦਾ ਪ੍ਰਤੀਕ ਸੀ। ਫਿਲਮ ਦੀ ਨਾਇਕਾ ਜਦੋਂ ਆਪਣੇ ਪਤੀ (ਜਤਿੰਦਰ) ਦਾ ਵਾਸਤਾ ਪਾਉਂਦੀ ਹੈ ਤਾਂ ਰਾਜ ਕੁਮਾਰ ਗਰਦਨ 'ਤੇ ਹੱਥ ਫੇਰ ਕੇ ਨਵਾਬੀ ਅੰਦਾਜ਼ ਵਿੱਚ ਕਹਿੰਦਾ ਹੈ, 'ਲਖਨਊ ਸ਼ਹਿਰ ਮੇ ਐਸੀ ਕੌਨ ਸੀ ਫਿਰਦੌਸ ਹੈ ਜਿਸੇ ਹਮ ਨਹੀਂ ਜਾਨਤੇ?' ਦਿਲੀਪ ਕੁਮਾਰ ਨਾਲ ਉਸ ਨੇ ਇੱਕ ਫਿਲਮ 'ਪੁਕਾਰ' ਕੀਤੀ ਜਿਸ ਵਿੱਚ ਰਾਜ ਕੁਮਾਰ ਨੂੰ ਦਿਲੀਪ ਸਾਹਿਬ 'ਤੇ ਭਾਰੂ ਹੋਣ ਦੀ ਚਰਚਾ ਰਹੀ। 'ਦਿਲ ਅਪਨਾ ਔਰ ਪ੍ਰੀਤ ਪਰਾਈ' ਵਿੱਚ ਉਸ ਨਾਲ ਮੀਨਾ ਕੁਮਾਰੀ ਤੇ ਰਾਜ ਕਪੂਰ ਸਨ। ਉਸ ਦੀਆਂ ਹੋਰ



ਫਿਲਮਾਂ ਵਿੱਚ 'ਨੀਲ ਕਮਲ', 'ਮਰਿਯਾਦਾ', 'ਚੰਬਲ ਕੀ ਕਸਮ', 'ਜ਼ਿੰਦਗੀ', 'ਗੋਦਾਨ', 'ਵਾਸਨਾ', 'ਰਾਜ ਤਿਲਕ', 'ਕੁਦਰਤ', 'ਬੇਤਾਜ਼ ਬਾਦਸ਼ਾਹ', 'ਮਰਤੇ ਦਮ ਤਕ' ਵੀ ਆਪੋ ਆਪਣੀ ਥਾਂ ਮਹੱਤਵ ਰੱਖਦੀਆਂ ਹਨ, ਪਰ ਫਿਲਮ 'ਲਾਲ ਪੱਥਰ' ਵਿੱਚ ਉਸ ਦੀ ਅਦਾਕਾਰੀ ਦੇਖਣਯੋਗ ਸੀ। ਫਿਲਮ 'ਕਰਮਯੋਗੀ' ਅਤੇ 'ਦਿਲ ਕਾ ਰਾਜਾ' ਵਿੱਚ ਉਸ ਨੇ ਦੋਹਰੇ ਕਿਰਦਾਰ ਨਿਭਾ ਕੇ ਦਰਸ਼ਕਾਂ ਨੂੰ ਨਿਹਾਲ ਕਰ ਦਿੱਤਾ। ਮੁਨਸ਼ੀ ਪ੍ਰੇਮ ਚੰਦ ਦੇ ਨਾਵਲ 'ਤੇ ਆਧਾਰਿਤ 'ਗੋਦਾਨ' ਵਿੱਚ ਕਿਸਾਨ ਹੋਰੀ ਦੀ ਭੂਮਿਕਾ ਹਰ ਵਰਗ ਦੇ ਦਰਸ਼ਕ ਵੱਲੋਂ ਸਲਾਹੀ ਗਈ। ਉਸ ਦੀ ਫਿਲਮ 'ਵਾਸਨਾ' ਵੀ ਜ਼ਿਕਰਯੋਗ ਹੈ।

ਫਿਲਮ 'ਤਿਰੰਗਾ' ਵਿੱਚ ਬੇਸ਼ੱਕ ਉਸ ਨਾਲ ਉੱਘਾ ਅਦਾਕਾਰ ਨਾਨਾ ਪਾਟੇਕਰ ਵੀ ਕੋਈ ਘੱਟ ਨਹੀਂ ਰਿਹਾ, ਪਰ ਦਰਸ਼ਕਾਂ ਨੇ ਉਸ ਦਾ ਵਧੇਰੇ ਤਾੜੀਆਂ ਨਾਲ ਸਵਾਗਤ ਕੀਤਾ। ਕਮਾਲ ਅਮਰੋਹੀ ਦੀ 'ਪਾਕੀਜ਼ਾ' (ਨਾਇਕਾ ਮੀਨਾ ਕੁਮਾਰੀ) ਨੂੰ ਭਲਾ ਕੋਈ ਕਵੇਂ ਭੁੱਲ ਸਕਦਾ ਹੈ। ਉਨ੍ਹਾਂ ਵੇਲਿਆਂ ਵਿੱਚ ਵੀ ਪੁਰਾਤਨ ਜਾਪਦੇ ਗੀਤਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਰੇਲ ਗੱਡੀ ਦੇ ਸਫ਼ਰ ਵਿੱਚ ਰਾਜ ਕੁਮਾਰ ਜਦੋਂ ਮੀਨਾ ਕੁਮਾਰੀ ਦੇ ਸੁੱਤੀ ਪਈ ਦੇ ਗੋਰੇ ਪੈਰਾਂ ਨੂੰ ਨਿਹਾਰਦਾ ਹੈ ਤਾਂ ਇਸ ਹੱਦ ਤੱਕ ਕਾਇਲ ਹੋ ਜਾਂਦਾ ਹੈ ਕਿ ਦੋ ਸ਼ਬਦ ਲਿਖ ਕੇ ਹੀ ਉੱਥੋਂ ਰੁਖ਼ਸਤ ਹੁੰਦਾ ਹੈ, 'ਆਪਕੇ ਪਾਉਂ ਬਹੁਤ ਸੁੰਦਰ ਹੈਂ, ਇਨਹੇਂ ਜ਼ਮੀਨ ਪਰ ਮੱਤ ਉਤਾਰੀਏਗਾ-ਮੈਲੇ ਹੋ ਜਾਏਂਗੇ।' ਫਿਲਮਸਾਜ਼ ਬੀ ਆਰ ਚੋਪੜਾ ਦੀਆਂ ਫਿਲਮਾਂ 'ਹਮਰਜ਼' ਤੇ 'ਵਕਤ' ਵੀ ਯਾਦ ਆਉਂਦੀਆਂ ਹਨ ਜਿਨ੍ਹਾਂ ਵਿੱਚ ਬੇਸ਼ੱਕ ਹੋਰ ਵੀ ਕੁਸ਼ਲ ਐਕਟਰ ਮੌਜੂਦ ਸਨ, ਪਰ ਰਾਜ ਕੁਮਾਰ ਦਾ ਅੰਦਾਜ਼ ਹੀ ਨਿਰਾਲਾ ਸੀ।

ਫਿਲਮ 'ਵਕਤ' ਦਾ ਇੱਕ ਡਾਇਲਾਗ ਤਾਂ ਬਹੁਤ ਹੀ ਮਸ਼ਹੂਰ ਹੋਇਆ, 'ਜਨਿ ਕੇ ਘਰ ਸ਼ੀਸ਼ੇ ਕੇ ਹੋਤੇ ਹੈਂ, ਵੋ ਦੂਸਰੋਂ ਪਰ ਪੱਥਰ ਨਹੀਂ ਫੇਂਕਾ ਕਰਤੇ'। ਪੁਰਾਣੀ ਕਾਲੀ ਚਿੱਟੀ ਫਿਲਮ 'ਪੁਕਾਰ' ਤੋਂ ਬਾਅਦ ਸ਼ੋਅ ਮੈਨ ਸੁਭਾਸ਼ ਘਈ ਨੇ ਫਿਲਮ 'ਸੌਦਾਗਰ' ਵਿੱਚ ਦਿਲੀਪ ਕੁਮਾਰ ਨਾਲ ਫੇਰ ਟੱਕਰ ਦਾ ਕਿਰਦਾਰ ਨਿਭਾਉਣ ਨੂੰ ਦਿੱਤਾ। ਦਿਲੀਪ ਦੇ ਬਰਾਬਰ ਹੀ ਰਾਜ ਕੁਮਾਰ ਆਪਣੇ ਪੂਰੇ ਦਮ-ਖ਼ਮ ਨਾਲ ਹਾਜ਼ਰ ਸੀ। ਦਰਸ਼ਕਾਂ ਨੇ ਦੋਹਾਂ ਦੀਆਂ ਭੂਮਿਕਾਵਾਂ ਅਤੇ ਅਦਾਕਾਰੀ ਨੂੰ ਆਪੋ ਆਪਣੇ ਹਿਸਾਬ ਨਾਲ ਨੰਬਰ ਦਿੱਤੇ, ਪਰ ਨਿਰਪੱਖਤਾ ਦੇ ਮੱਦੇਨਜ਼ਰ ਦੋਹਾਂ ਦੀ ਅਦਾਕਾਰੀ ਬਰਾਬਰ ਹੀ ਰਹੀ। ਬੇਸ਼ੱਕ ਸਾਡਾ ਇਹ ਰਾਜ ਕੁਮਾਰ ਕਿਸੇ ਫਿਲਮ ਵਿੱਚ ਹੀਰੋ ਰਿਹਾ ਜਾਂ ਸਾਈਡ ਹੀਰੋ ਜਾਂ ਖ਼ਲਨਾਇਕ, ਉਸ ਨੇ ਆਪਣੇ ਹਰ ਇੱਕ ਕਿਰਦਾਰ ਨੂੰ ਰਾਜਕੁਮਾਰੀ ਆਨ ਸ਼ਾਨ ਨਾਲ ਜੀਵਿਆ।

ਉਸ ਦੀ ਪਤਨੀ ਦਾ ਨਾਂ ਜੈਨਿਫਰ (ਗਾਇਤਰੀ) ਸੀ ਅਤੇ ਪੂਰੂ ਰਾਜ ਕੁਮਾਰ ਉਸ ਦਾ ਬੇਟਾ। ਉਸ ਦੀ ਬੇਟੀ ਨੇ ਵੀ ਫਿਲਮਾਂ ਵਿੱਚ ਕਿਸਮਤ ਅਜ਼ਮਾਈ, ਪਰ ਕਾਮਯਾਬ ਨਾ ਹੋਈ। ਉਸ ਦੇ ਪੁੱਤਰ ਪੂਰੂ ਨੇ ਵੀ ਬਤੌਰ ਹੀਰੋ 'ਬਾਲ ਬ੍ਰਹਮਚਾਰੀ' ਤੇ ਦੋ ਤਿੰਨ ਹੋਰ ਫਿਲਮਾਂ ਵਿੱਚ ਕੰਮ ਕੀਤਾ, ਪਰ ਉਹ ਆਪਣੇ ਪਿਤਾ ਵਾਂਗ ਰਾਜ ਕੁਮਾਰ ਨਹੀਂ ਸੀ, ਕੇਵਲ ਪੂਰੂ ਹੀ ਸੀ। ਆਪਣੇ ਵੱਖਰੇ ਸਟਾਈਲ ਤੇ ਦਮਦਾਰ ਆਵਾਜ਼ ਵਿੱਚ ਡਾਇਲਾਗ ਉਚਾਰਣ ਵਾਲਾ ਇਹ ਸਟਾਰ ਐਕਟਰ ਅੰਤ ਡਾਇਲਾਗ ਕਹਿਣਾ ਤਾਂ ਦੂਰ ਬੋਲਣ ਲਈ ਵੀ ਲਾਚਾਰ ਸੀ ਕਿਉਂਕਿ ਉਸ ਨੂੰ ਗਲੇ ਦਾ ਕੈਂਸਰ ਹੋ ਗਿਆ ਤੇ ਉਹ ਇਸ ਨਾਮੁਰਾਦ ਬਿਮਾਰੀ ਨਾਲ ਜੂਝਦਾ ਅਖੀਰ 3 ਜੁਲਾਈ 1996 ਨੂੰ ਰੁਖ਼ਸਤ ਹੋ ਗਿਆ। ਬੇਸ਼ੱਕ ਉਸ ਦਾ ਵਿਛੋੜਾ ਦੁਖਦਾਈ ਰਿਹਾ, ਪਰ ਆਪਣੇ ਫਿਲਮਾਂ ਵਿੱਚ ਨਿਭਾਏ ਕਿਰਦਾਰਾਂ ਤੇ ਸ਼ਾਨਦਾਰ ਤੇ ਜਾਨਦਾਰ ਅਦਾਕਾਰੀ ਕਰਕੇ ਇਉਂ ਜਾਪਦਾ ਹੈ ਜਵੇਂ ਉਹ ਅੱਜ ਵੀ ਜ਼ਿੰਦਾ ਹੋਵੇ ਅਤੇ ਦਰਸ਼ਕਾਂ ਨੂੰ ਮੁਖ਼ਾਤਬਿ ਹੋ ਰਿਹਾ ਹੋਵੇ, 'ਹਮਾਰੇ ਤੋ ਜੂਤੋਂ ਪਰ ਵੀ ਤਾਲੀਆਂ ਵਜਤੀ ਹੈਂ ਜਾਨੀ।'







## 'ਟਾਈਗਰ 3' 'ਚ ਜ਼ੋਇਆ ਦੀ ਭੂਮਿਕਾ ਨਿਭਾਉਣਾ ਮਾਣ ਵਾਲੀ ਗੱਲ

## ਕੈਟਰੀਨਾ ਕੈਫ

ਮੁੰਬਈ: ਬਾਲੀਵੁੱਡ ਅਦਾਕਾਰਾ ਕੈਟਰੀਨਾ ਕੈਫ ਦਾ ਕਹਿਣਾ ਹੈ ਕਿ ਉਸ ਨੇ ਫ਼ਿਲਮ 'ਟਾਈਗਰ 3' ਲਈ ਹੁਣ ਤੱਕ ਦੀ ਸਭ ਤੋਂ ਵਧੀਆ ਅਦਾਕਾਰੀ ਕੀਤੀ ਹੈ। ਫ਼ਿਲਮ ਵਿੱਚ ਕੈਟਰੀਨਾ ਨੇ ਜ਼ੋਇਆ ਦਾ ਕਿਰਦਾਰ ਨਿਭਾਇਆ ਹੈ ਜੋ 'ਵਾਈਆਰਐੱਫ' ਸਪਾਈ ਯੂਨੀਵਰਸ ਦੀ ਪਹਿਲੀ ਮਹਿਲਾ ਜਾਸੂਸ ਹੈ। ਜ਼ੋਇਆ ਦੇ ਰੂਪ ਵਿੱਚ ਉਸ ਦਾ ਪੋਸਟਰ ਅੱਜ ਰਿਲੀਜ਼ ਹੋਇਆ। ਕੈਟਰੀਨਾ ਨੇ ਖੁਲਾਸਾ ਕੀਤਾ ਕਿ 'ਟਾਈਗਰ 3' ਦੇ ਚੁਣੌਤੀਪੂਰਨ ਐਕਸ਼ਨ ਸੀਨ ਲਈ ਉਸ ਨੇ ਸਰੀਰਿਕ ਪੱਖੋਂ ਸਖ਼ਤ ਮਿਹਨਤ ਕੀਤੀ। ਅਦਾਕਾਰਾ ਨੇ ਕਿਹਾ, 'ਜ਼ੋਇਆ ਵਾਈਆਰਐੱਫ ਸਪਾਈ ਯੂਨੀਵਰਸ ਦੀ ਪਹਿਲੀ ਮਹਿਲਾ ਜਾਸੂਸ ਹੈ ਅਤੇ ਮੈਨੂੰ ਉਸ ਵਰਗਾ ਕਿਰਦਾਰ ਮਿਲਣ 'ਤੇ ਬਹੁਤ ਮਾਣ ਹੈ। ਕੈਟਰੀਨਾ ਨੇ ਅੱਗੇ ਕਿਹਾ, 'ਜ਼ੋਇਆ ਦਾ ਕਿਰਦਾਰ ਨਿਭਾਉਣਾ ਇਹ ਇੱਕ ਸ਼ਾਨਦਾਰ ਸਫ਼ਰ ਰਿਹਾ ਹੈ।' ਉਸ ਨੇ ਕਿਹਾ ਕਿ ਸਰੀਰਕ ਤੌਰ 'ਤੇ ਇਹ ਉਸ ਦੀ ਹੁਣ ਤੱਕ ਦੀ ਸਭ ਤੋਂ ਚੁਣੌਤੀਪੂਰਨ ਫ਼ਿਲਮ ਰਹੀ ਹੈ। ਕੈਟਰੀਨਾ ਨੇ ਕਿਹਾ ਕਿ ਐਕਸ਼ਨ ਕਰਨਾ ਹਮੇਸ਼ਾ ਹੀ ਰੁਮਾਂਚਕ ਹੁੰਦਾ ਹੈ ਅਤੇ ਉਹ ਹਮੇਸ਼ਾ ਤੋਂ ਐਕਸ਼ਨ ਸ਼ੈਲੀ ਦੀ ਪ੍ਰਸ਼ੰਸਕ ਰਹੀ ਹੈ। ਇਸ ਲਈ ਜ਼ੋਇਆ ਦੀ ਭੂਮਿਕਾ ਨਿਭਾਉਣਾ ਮੇਰੇ ਲਈ ਇਕ ਸੁਫ਼ਨਾ ਹੈ। ਫ਼ਿਲਮ 'ਟਾਈਗਰ 3' ਆਦਿੱਤਿਆ ਚੋਪੜਾ ਵੱਲੋਂ ਬਣਾਈ ਗਈ ਹੈ। ਮਨੀਸ਼ ਸ਼ਰਮਾ ਇਸ ਦੇ ਨਿਰਦੇਸ਼ਕ ਹਨ। ਇਹ ਫ਼ਿਲਮ ਇਸ ਸਾਲ ਦੀਵਾਲੀ ਦੀਆਂ ਛੁੱਟੀਆਂ ਦੌਰਾਨ ਰਿਲੀਜ਼ ਹੋਵੇਗੀ।


## 'ਸੈਮ ਬਹਾਦਰ' ਵਿੱਚ ਫੌਜੀ ਅਫ਼ਸਰ ਦਾ ਕਿਰਦਾਰ ਨਿਭਾਏਗਾ ਵਿੱਕੀ ਕੌਸ਼ਲ

ਮੁੰਬਈ-ਬੌਲੀਵੁੱਡ ਅਦਾਕਾਰ ਵਿੱਕੀ ਕੌਸ਼ਲ ਆਪਣੀ ਨਵੀਂ ਫਿਲਮ 'ਸੈਮ ਬਹਾਦਰ' ਲਈ ਪੂਰੀ ਤਰ੍ਹਾਂ ਤਿਆਰ ਹੈ, ਜਿਸ ਵਿੱਚ ਉਹ ਭਾਰਤ ਦੇ ਪਹਿਲੇ ਫੀਲਡ ਮਾਰਸ਼ਲ ਸੈਮ ਮਾਨਿਕਸ਼ਾਹ ਦੀ ਭੂਮਿਕਾ ਨਿਭਾਏਗਾ। ਵਿੱਕੀ ਨੇ ਇਸਟਾਗ੍ਰਾਮ 'ਤੇ ਇਸ ਸਬੰਧੀ ਪੋਸਟ ਸ਼ੇਅਰ ਕਰਦਿਆਂ ਆਪਣੇ ਪ੍ਰਸ਼ੰਸਕਾਂ ਨਾਲ ਫਿਲਮ ਵਿੱਚ ਆਪਣੇ ਕਿਰਦਾਰ ਦੀ ਇੱਕ ਝਲਕ ਸਾਂਝੀ ਕੀਤੀ ਹੈ। ਉਸ ਨੇ ਫੋਟੋ ਕੈਪਸ਼ਨ ਵਿਚ ਲਿਖਿਆ, ' ਜ਼ਿੰਦਗੀ ਜਿਉਣ ਲਈ... ਸੈਮਬਹਾਦਰ।' ਇਸ ਤਸਵੀਰ ਵਿੱਚ ਵਿੱਕੀ ਮੈਦਾਨ ਵਿੱਚ ਫੌਜ ਦੀ ਵਰਦੀ ਪਾ ਕੇ ਖੜ੍ਹਾ ਹੈ। ਵਿੱਕੀ ਨੇ ਕਿਹਾ, 'ਮੇਰੀ ਖ਼ੁਸ਼ਕਿਸਮਤੀ ਹੈ ਕਿ ਇਸ ਫਿਲਮ ਵਿਚ ਮੈਂ ਅਸਲ ਜੀਵਨ ਦੇ ਹੀਰੋ ਅਤੇ ਦੇਸ਼ਭਗਤ ਦੀ ਭੂਮਿਕਾ ਨਿਭਾਅ ਰਿਹਾ ਹਾਂ ਜਿਸ ਨੂੰ ਅੱਜ ਵੀ ਦੇਸ਼ ਲਈ ਯੋਗਦਾਨ ਪਾਉਣ ਬਦਲੇ ਯਾਦ ਕੀਤਾ ਜਾਂਦਾ ਹੈ।" ਇਸ ਤਸਵੀਰ ਦੇ ਅਪਲੋਡ ਕਰਨ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਨੇ ਉਸਾਰੂ ਟਿੱਪਣੀਆਂ ਵੀ ਕੀਤੀਆਂ ਹਨ। ਇੱਕ ਪ੍ਰਸ਼ੰਸਕ ਨੇ ਲਿਖਿਆ, 'ਸਰ, ਅਸੀਂ ਇਸ ਫਿਲਮ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਾਂ, ਕਿਰਪਾ ਕਰਕੇ ਇਸ ਨੂੰ ਜਲਦੀ ਰਿਲੀਜ਼ ਕਰੋ।' ਇੱਕ ਹੋਰ ਨੇ ਟਿੱਪਣੀ ਕੀਤੀ, 'ਬਹੁਤ ਪ੍ਰਭਾਵਸ਼ਾਲੀ... ਫਿਲਮ ਦਾ ਇੰਤਜ਼ਾਰ ਕਰ ਰਹੇ ਹਾਂ।' ਇਸ ਫਿਲਮ ਨੂੰ ਮੇਘਨਾ ਗੁਲਜ਼ਾਰ ਵੱਲੋਂ ਨਿਰਦੇਸ਼ਿਤ ਕੀਤਾ ਗਿਆ ਹੈ ਜੋ ਪਹਿਲੀ ਦਸੰਬਰ ਨੂੰ ਰਿਲੀਜ਼ ਹੋਵੇਗੀ।



# ਪੰਜਾਬੀ ਮਾਂ ਬੋਲੀ ਦਾ 'ਅਸਲੀ ਗੁਰਦਾਸ'

# 'ਲੋਕ ਕਵੀ' ਗੁਰਦਾਸ ਰਾਮ ਆਲਮ



**ਡਾ: ਗੁਰਵਿੰਦਰ ਸਿਘ**

ਵਪਾਰੀਕਰਨ ਅਤੇ ਸੰਸਾਰੀਕਰਨ ਦੇ ਅੱਜ ਦੇ ਦੌਰ ਵਿੱਚ ਜ਼ਿਆਦਾ ਚਰਚਾ ਉਸੇ ਦੀ ਹੁੰਦੀ ਹੈ, ਜੋ ਕਲਮ ਨੂੰ ਧੰਦਾ ਬਣਾ ਕੇ ਖੁੱਲ੍ਹੇਆਮ ਉਸ ਦਾ ਵਿਉਪਾਰ ਕਰਦਾ ਹੈ, ਚਾਹੇ ਉਹ ਸਾਹਿਤਕਾਰ ਹੋਵੇ ਜਾਂ ਗਾਇਕ। ਇਸ ਪੱਖੋਂ ਦੇਖਿਆ ਜਾਏ, ਤਾਂ ਪੰਜਾਬੀਆਂ ਨੇ ਵੀ 'ਅਸਲੀ ਗੁਰਦਾਸ' ਨੂੰ ਸਮਝਣ ਵਿੱਚ ਗਲਤੀ ਕੀਤੀ ਹੈ। ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀਆਂ ਨੇ ' ਮਾਂ ਬੋਲੀ ਦਾ ਨਿਸ਼ਕਾਮ ਸੇਵਕ ਨੂੰ ਵਿਸਾਰ ਦਿੱਤਾ। ਦੂਜੇ ਪਾਸੇ 'ਨਕਲੀ ਗੁਰਦਾਸ', ਜਿਸ ਨੇ ਮਾਂ ਬੋਲੀ ਦੇ ਨਾਂ 'ਤੇ ਵਪਾਰ ਕੀਤਾ, ਮਾਂ ਨਾਲੋਂ ਮਾਸੀ ਦੀ ਜ਼ਿਆਦਾ ਦੁਹਾਈ ਦਿੱਤੀ ਅਤੇ ਮਾਂ ਬੋਲੀ 'ਚ ਸ਼ਬਦ ਅਪਸ਼ਬਦ ਬੋਲੇ, ਪੰਜਾਬੀਆਂ ਨੇ ਗੁਮਰਾਹ ਹੋ ਕੇ ਉਸ ਨੂੰ ਅਥਾਹ ਸ਼ੋਹਰਤ ਦਿੱਤੀ।

ਪੰਜਾਬੀਆਂ ਦਾ 'ਅਸਲੀ ਗੁਰਦਾਸ' ਗੁਰਦਾਸ ਰਾਮ ਆਲਮ ਸੀ, ਜਿਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਨੂੰ ਸਿਖਰਾਂ ਤੱਕ ਪਹੁੰਚਾਇਆ। "ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ ?" ਵਰਗੀ ਗੁਰਦਾਸ ਰਾਮ ਆਲਮ ਦੀ ਲਿਖਤ, ਅੱਜ ਵੀ ਲੋਕ ਮਨਾਂ ਦਾ ਹਿੱਸਾ ਬਣੀ ਹੋਈ ਹੈ। ਪਰ ਸੱਚ ਹੈ ਕਿ 'ਅਸਲੀ ਗੁਰਦਾਸ' ਨੂੰ ਭੁਲਾ ਕੇ ਪੰਜਾਬੀਆਂ ਨੇ 'ਨਕਲੀ ਗੁਰਦਾਸ' ਨੂੰ ਸਿਰੇ ਚੜ੍ਹਾਇਆ, ਜਿਸ ਨੇ 'ਮਾਂ ਤੇ ਮਾਸੀ' ਵਾਲਾ ਬਿਰਤਾਂਤ ਸਿਰਜਿਆ ਅਤੇ 'ਇਕ ਰਾਸ਼ਟਰ ਇਕ ਭਾਸ਼ਾ' ਦੀ ਗੱਲ ਵੱਲ ਹੋ ਤੁਰਿਆ। ਸਾਰੀ ਉਮਰ ਪੰਜਾਬੀ ਦੇ ਪੱਲਿਓਂ ਰੋਟੀਆਂ ਖਾ ਕੇ ਪੰਜਾਬੀ ਨੂੰ ਹੀ ਵਿਸਾਰ ਦਿੱਤਾ।

## 'ਲੋਕ ਕਵੀ' ਆਲਮ ਦਾ ਮੁਢਲਾ ਜੀਵਨ

ਅਖੌਤੀ ਉੱਚ ਸਮਾਜ ਅਤੇ ਅਖੌਤੀ ਬ੍ਰਾਹਮਣੀ ਨਿਜ਼ਾਮ ਵੱਲੋਂ ਦੁਰਕਾਰੇ ਹੋਏ ਅਤੇ ਦੱਬੇ- ਕੁਚਲੇ ਲੋਕਾਂ ਦੀ ਗੱਲ ਕਰਨ ਵਾਲਾ ਅਤੇ ਮਨੁੱਖੀ ਬਰਾਬਰੀ ਦਾ ਹਾਮੀ ਲੋਕ ਕਵੀ ਗੁਰਦਾਸ ਰਾਮ ਆਲਮ ( ਅਕਤੂਬਰ 1912 - ਸਤੰਬਰ 1989) ਸਹੀ ਅਰਥਾਂ ਵਿੱਚ 'ਲੋਕ ਕਵੀ' ਹੈ। ਆਲਮ ਨੇ ਪੇਂਡੂ ਜੀਵਨ ਵਿੱਚ ਦਲਿਤ ਵਰਗ ਦੇ ਅਨੁਭਵਾਂ ਨੂੰ ਲੋਕ ਬੋਲੀ ਵਿੱਚ ਪੇਸ਼ ਕੀਤਾ ਹੈ। ਉਸ ਦਾ ਜਨਮ ਪਿੰਡ ਬੁੰਡਾਲਾ, ਜ਼ਿਲ੍ਹਾ ਜਲੰਧਰ (ਪੰਜਾਬ) ਵਿੱਚ ਮਾਤਾ ਜੀਉਣੀ ਤੇ ਪਿਤਾ ਸ੍ਰੀ ਰਾਮ ਦੇ ਘਰ ਹੋਇਆ। ਉਸ ਨੂੰ ਰਸਮੀ ਪੜ੍ਹਾਈ ਦਾ ਮੌਕਾ ਨਾ ਮਿਲ ਸਕਿਆ। ਫਿਰ ਵੀ ਗੁਰਦਾਸ ਰਾਮ ਆਲਮ ਨੇ ਆਪਣੇ ਸ਼ੌਕ ਸਦਕਾ ਆਪਣੇ ਦੋਸਤਾਂ ਕੋਲੋਂ ਹੀ ਚੰਗਾ-ਸੁਹਣਾ ਪੜ੍ਹਨਾ- ਲਿਖਣਾ ਸਿੱਖ ਲਿਆ।

## ਗੁਰਦਾਸ ਰਾਮ ਆਲਮ ਦੀਆਂ ਲਿਖਤਾਂ

ਜਾਤ- ਪਾਤ, ਨਸਲਵਾਦ, ਫਾਸ਼ੀਵਾਦ ਅਤੇ ਕੱਟੜਵਾਦ ਵਿਰੋਧੀ ਗੁਰਦਾਸ ਰਾਮ ਆਲਮ ਦੀਆਂ ਰਚਨਾਵਾਂ ਹਨ : ਮੈਂ ਮਰ ਗਿਆ, ਅੱਲੇ ਫੱਟ, ਉਡਦੀਆਂ ਧੂੜਾਂ, 'ਆਪਣਾ ਆਪ' ਅਤੇ 'ਆਲਮ ਕਾਵਿ'। ਦੁੱਖ ਇਸ ਗੱਲ ਦਾ ਹੈ ਕਿ ਪਾਠਕਾਂ ਲਈ ਇਹ ਕਿਤਾਬਾਂ ਉਪਲਬਧ ਨਹੀਂ ਹਨ, ਹਾਲਾਂਕਿ 'ਗੁਰਦਾਸ ਰਾਮ ਆਲਮ ਕਾਵਿ' ਸੰਪੂਰਨ ਕਾਵਿ ਰੂਪ ਵਿੱਚ ਮਾਨਵਵਾਦੀ ਰਚਨਾ ਮੰਚ, ਪੰਜਾਬ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲਿਖਾਰੀ ਅਸ਼ੋਕ ਬਾਂਸਲ ਮਾਨਸਾ ਨੇ 'ਮਿੱਟੀ ਨੂੰ ਫਰੋਲ ਜੋਗੀਆ' (ਅਣਮੁੱਲੇ ਗੀਤਕਾਰ ) ਕਿਤਾਬ ਵਿੱਚ ਗੁਰਦਾਸ ਰਾਮ ਆਲਮ 'ਤੇ ਜਾਣਕਾਰੀ ਭਰਪੂਰ ਲੇਖ ਲਿਖਿਆ ਹੈ।

## ਪਰਿਵਾਰ ਅਤੇ ਚੁਣੌਤੀਆਂ

ਗੁਰਦਾਸ ਰਾਮ ਆਲਮ ਦੇ ਚਾਰ ਪੁੱਤਰ ਸਨ, ਜਿਨਾਂ ਦੇ ਨਾਂ 'ਸਾਹਿਤ', 'ਸੰਗੀਤ' ,'ਅੰਦੋਲਨ' ਰਖੇ, ਜਦ ਕਿ ਚੌਥਾ ਪੁੱਤਰ ਸੱਤ ਮਹੀਨੇ ਦੀ ਉਮਰ ਵਿੱਚ ਹੀ ਗੁਜ਼ਰ ਗਿਆ। ਉਂਝ ਬਾਕੀ ਤਿੰਨੇ ਪੁੱਤਰ ਵੀ ਆਲਮ ਸਾਹਿਬ ਦੇ ਹੁੰਦਿਆਂ ਹੀ , ਉਹਨਾਂ ਦੇ ਅੱਖਾਂ ਸਾਹਮਣੇ ਚੱਲ ਵਸੇ ਅਤੇ ਇਹ ਸਦਮਾ ਗੁਰਦਾਸ ਰਾਮ ਆਲਮ ਲਈ ਅਸਹਿ ਰਿਹਾ। ਆਲਮ ਸਾਹਿਬ ਦੇ ਘਰ ਤਿੰਨ ਪੁੱਤਰੀਆਂ ਹੋਈਆਂ, ਜਿਨਾਂ ਦੇ ਨਾਂ 'ਕੰਵਲ', 'ਸੁਦੇਸ਼' ਅਤੇ 'ਧੀਰਜ' ਰੱਖੇ।

## ਪ੍ਰੇਰਨਾ ਸਰੋਤ ਗੁਰਦਾਸ ਰਾਮ ਆਲਮ

ਮੈਂ ਆਪਣੇ ਆਪ ਨੂੰ ਸੁਭਾਗਾ ਸਮਝਦਾ ਹਾਂ ਕਿ ਸਕੂਲ ਸਮੇਂ ਮਹਾਨ ਸ਼ਾਇਰ ਗੁਰਦਾਸ ਰਾਮ ਆਲਮ ਦੇ ਕਈ ਵਾਰ ਦਰਸ਼ਨ ਕਰਨ ਦਾ ਸੁਭਾਗ ਮਿਲਿਆ। ਸੰਨ 1983 ਦੀ ਗੱਲ ਹੈ, ਜਦੋਂ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਪੜ੍ਹਦੇ ਸਾਂ, ਤਾਂ ਸਾਡੇ ਅਧਿਆਪਕ ਉਸਤਾਦ ਗ਼ਜ਼ਲਗੋ ਉਲਫ਼ਤ ਬਾਜਵਾ ਨੂੰ ਮਿਲਣ ਗੁਰਦਾਸ ਰਾਮ ਆਲਮ ਅਕਸਰ ਆਇਆ ਕਰਦੇ ਸਨ। ਓਦੋਂ ਹੀ ਬਾਜਵਾ ਸਾਹਿਬ ਨੇ ਪਹਿਲੀ ਵਾਰ ਮਹਾਨ ਸ਼ਾਇਰ ਗੁਰਦਾਸ ਰਾਮ ਹੁਰਾਂ ਨੂੰ ਮਿਲਾਇਆ। ਉਸ ਸੁਭਾਗੀ ਘੜੀ ਸੀ, ਜਦੋਂ ਆਲਮ ਸਾਹਿਬ ਨੇ ਆਪਣੇ ਹੱਥੀਂ ਆਪਣੀ ਲਿਖਤ "ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ ?" ਮੈਨੂੰ ਦਿੱਤੀ ਅਤੇ ਥਾਪੜਾ ਦਿੰਦਿਆਂ ਇਹ ਕਵਿਤਾ ਚੇਤੇ ਕਰਨ ਲਈ ਉਤਸ਼ਾਹ ਵਧਾਇਆ। ਛੇਵੀਂ ਜਮਾਤ ਵਿੱਚ ਇਹ ਕਵਿਤਾ ਮੈਂ ਜ਼ਬਾਨੀ ਯਾਦ ਕਰ ਲਈ ਸੀ, ਜੋ ਹੁਣ ਵੀ ਹਰ ਘੜੀ ਜ਼ੁਬਾਨ 'ਤੇ ਰਹਿੰਦੀ ਹੈ। ਆਜ਼ਾਦੀ ਤੋਂ ਤਿੰਨ ਵਰ੍ਹੇ ਮਗਰੋਂ ਲਿਖੀ ਇਹ ਕਵਿਤਾ ਅੱਜ ਦੇ ਕਾਲੇ ਦੌਰ 'ਤੇ ਵੀ ਹੂ-ਬ-ਹੂ ਢੁਕਦੀ ਹੈ।

## ਗੁਰਦਾਸ ਰਾਮ ਆਲਮ ਕਾਵਿ ਦੇ ਨਮੂਨੇ

ਉਂਝ ਤਾਂ ਆਲਮ ਸਾਹਿਬ ਦੀ ਹਰ ਰਚਨਾ ਹੀ ਕਾਬਲੇ-ਤਾਰੀਫ਼ ਹੈ, ਪਰ ਕੁਝ -ਇਕ ਕਵਿਤਾਵਾਂ ਦੀ ਸਾਂਝ ਪਾਠਕਾਂ ਨਾਲ ਪਾ ਰਹੇ ਹਾਂ। ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦੇ 'ਅਸਲੀ ਗੁਰਦਾਸ' ਬਾਰੇ ਖੁੱਲ੍ਹੀਆਂ ਗੱਲਾਂ ਇਸ ਸਾਹਿਤਕ ਸਮਾਗਮ ਮੌਕੇ ਹੋਣਗੀਆਂ।

"ਕਿਓਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ,  
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।  
ਮੈਂ ਜੱਗੂ ਤੋਂ ਸੁਣਿਆ ਅੰਬਾਲੇ ਖੜ੍ਹੀ ਸੀ,  
ਬੜੀ ਭੀੜ ਉਸਦੇ ਦੁਆਲੇ ਖੜ੍ਹੀ ਸੀ।  
ਆਈ ਨੂੰ ਤਾਂ ਭਾਵੇਂ ਤੀਆ ਸਾਲ ਬੀਤਾ,  
ਅਸੀਂ ਤਾਂ ਅਜੇ ਤੱਕ ਦਰਸ਼ਣ ਨਹੀਂ ਕੀਤਾ।  
ਦਿੱਲੀ 'ਚ ਆਉਂਦੀ ਹੈ ਸਰਦੀ ਦੀ ਰੁੱਤੇ,

ਗੁਰਦਾਸ ਰਾਮ ਆਲਮ ਨੇ ਸਮੁੱਚਾ ਜੀਵਨ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਸਮਰਪਿਤ ਕੀਤਾ। ਦੁੱਖ ਇਸ ਗੱਲ ਦਾ ਹੈ ਕਿ 'ਵੱਡੇ ਸਾਹਿਤਕਾਰਾਂ' ਨੇ ਆਲਮ ਸਾਹਿਬ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਇਹ ਘੋਰ ਬੇਇਨਸਾਫੀ ਹੈ। ਆਲਮ ਸਾਹਿਬ ਸਮਕਾਲੀ ਕਵੀਆਂ 'ਚੋਂ ਬੇਹਤਰ ਸ਼ਾਇਰ ਸਨ ਪਰ ਈਰਖਾ ਅਤੇ ਸ਼ੋਹਰਤ ਦੀ ਇਸ ਦੌਰ ਵਿੱਚ ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਪਰ ਸੱਚ ਹੈ ਕਿ ਆਲਮ ਸਾਹਿਬ ਦੇ ਗੀਤ ਅਤੇ ਕਵਿਤਾਵਾਂ ਸਦਾ ਹੀ ਜਿਉਂਦੀਆਂ ਰਹਿਣਗੀਆਂ। ਉਹ ਪੰਜਾਬੀ ਮਾਂ ਬੋਲੀ ਦੇ 'ਅਸਲੀ ਗੁਰਦਾਸ' ਅਤੇ ਪੰਜਾਬੀ ਅਤੇ ਪੰਜਾਬੀਆਂ ਦਾ ਮਾਣ ਹਨ।

ਤੇ ਹਾੜਾਂ 'ਚ ਰਹਿੰਦੀ ਪਹਾੜਾਂ ਦੇ ਉੱਤੇ।  
ਗ਼ਰੀਬਾਂ ਨਾਲ ਲਗਦੀ ਲੜੀ ਹੋਈ ਆ ਖ਼ਬਰੇ,  
ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ।  
ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਿਹੀ ਏ,  
ਕੋਈ ਸੋਹਣੀ ਤਾਂ ਨਹੀਂ ਐਵੇਂ ਕਾਣੀ ਜਿਹੀ ਏ।  
ਮੰਨੇ ਜੇ ਉਹ ਕਹਿਣਾ ਅਸੀਂ ਵੀ ਮੰਗਾਈਏ,  
ਛੰਨਾਂ ਤੇ ਢਾਰਿਆਂ 'ਚ ਭੁੰਜੇ ਸਵਾਈਏ।  
ਪਰ ਏਨਾ ਪਤਾ ਨਹੀਂ ਕੀ ਖਾਂਦੀ ਹੁੰਦੀ ਏ,  
ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ।  
ਸ਼ਿਮਲੇ ਤਾਂ ਓਸ ਅੱਗੇ ਆਂਡੇ ਹੁੰਦੇ ਨੇ,  
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ।"

"ਮੈਂ ਇਕ ਹੱਥ ਫੜ ਲਈ ਦਾਤਰੀ ਤੇ ਦੂਜੇ ਹੱਥ ਵਿਦਾਨ।  
ਮੈਂ ਕੱਠੇ ਕਰ ਲਏ ਮਿਹਨਤੀ, ਕੁੱਲ ਕਾਮੇ ਤੇ ਕਿਰਸਾਨ।  
ਮੈਂ ਸੱਭੇ ਫਾਹੀਆ ਤੋੜੀਆਂ, ਫਿਰ ਮੈਂ ਜੋੜੇ ਲੋਕ ਮਹਾਨ।  
ਮੈਂ ਪਉਣ ਨੂੰ ਗੰਢਾਂ ਮਾਰ ਕੇ, ਕੀਤੇ ਪਿਛਲੇ ਰੱਦ ਅਖਾਣ।"

"ਉਏ ਕਵੀਆ ਮੇਰੀ ਕਲਾਸ ਦਿਆ,  
ਛੱਡ ਆਦਤ ਨੱਚਣ ਗਾਣੇ ਦੀ।  
ਜਾਂ ਬੈਠਾ ਰਹੁ ਮੂੰਹ ਬੰਦ ਕਰ ਕੇ,  
ਜਾਂ ਗੱਲ ਕਰ ਕਿਸੇ ਟਿਕਾਣੇ ਦੀ।  
ਕੀ ਲਿਖਦਾ, ਕਿਸ ਲਈ ਲਿਖਦਾ ਏਂ,  
ਇਸ ਗੱਲ ਨੂੰ ਗਹੁ ਨਾਲ ਸੋਚ ਜ਼ਰਾ।  
ਤੇਰੀ ਲਿਖਤ ਸਹਾਇਤਾ ਕਰਦੀ ਏ,  
ਜਾਂ ਲਿੱਸੇ ਜਾਂ ਜਰਵਾਣੇ ਦੀ।"

"ਮੈਂ ਸ਼ਾਇਰ ਹਾਂ ਇਕ ਸ਼੍ਰੇਣੀ ਦਾ,  
ਸੰਸਾਰ ਨੂੰ ਖੁਸ਼ ਨਹੀਂ ਕਰ ਸਕਦਾ।  
ਮੈਂ ਲਿਖਦਾ ਹਾਂ ਮਜ਼ਦੂਰਾਂ ਲਈ,  
ਜ਼ਰਦਾਰ ਨੂੰ ਖੁਸ਼ ਨਹੀਂ ਕਰ ਸਕਦਾ।  
ਸੱਚ ਝੂਠ ਤੇ ਦੁਸ਼ਮਨ ਦੋਸਤ ਨੂੰ,  
ਜਦ ਲੱਭ ਲਿਆ ਮੇਰੀਆਂ ਨਜ਼ਰਾਂ ਨੇ,  
ਮੇਰੀ ਸੋਚ ਤੇ ਸੂਝ ਜਮਾਤੀ ਹੈ,  
ਗੁਨਾਹਗਾਰ ਨੂੰ ਖੁਸ਼ ਨਹੀਂ ਕਰ ਸਕਦਾ।  
ਸੱਚ ਕਹਿਣ ਦੀ ਮੇਰੀ ਆਦਤ ਹੈ,  
ਮੈਂ ਵਲ ਪਾ ਕੇ ਗੱਲ ਕਰਦਾ ਨਹੀਂ  
ਆਸ਼ਕ ਹਾਂ ਜੁਗ ਪਲਟਾਊ ਦਾ,  
ਗੱਦਾਰ ਨੂੰ ਖੁਸ਼ ਨਹੀਂ ਕਰ ਸਕਦਾ।"

"ਸ਼ਾਇਰ ਓਹੀ ਜਹਾਨ 'ਤੇ ਹੋ ਸਕਦਾ,  
ਜੋ ਸੋਨਾ ਸੋਨੇ ਨੂੰ, ਕੱਚ ਨੂੰ ਕੱਚ ਆਖੇ।  
ਕਰੇ ਲੋਕਾਂ ਦੇ ਦਿਲਾਂ ਦੀ ਤਰਜਮਾਨੀ,  
ਠੀਕ ਠੀਕ ਤੇ ਖੱਚ ਨੂੰ ਖੱਚ ਆਖੇ।  
ਜੋ ਕੁਝ ਕਹਿਣਾ ਉਹ ਕਵ੍ਹੇ ਨਿਧੜਕ ਹੋ ਕੇ,  
ਟੱਪ-ਟੱਪ ਆਖੇ, ਨੱਚ-ਨੱਚ ਆਖੇ।  
'ਆਲਮ' ਓਸੇ ਦੀ ਰਹੇਗੀ ਅਮਰ ਕਵਿਤਾ,  
ਜੋ ਝੂਠ ਨੂੰ ਝੂਠ, ਤੇ ਸੱਚ ਨੂੰ ਸੱਚ ਆਖੇ।"

"ਇਹ ਕੀ ਥੀਊਰੀ ਤੇ ਕੀ ਏ ਸਿਧਾਂਤ ਤੇਰਾ,  
ਕਦਮ ਪੁੱਟਣਾ ਪਿੱਛੇ ਪਰਤਾਈ ਜਾਣਾ।  
ਨਿਕਲੀ ਮੋਕ ਤੇ ਗਊ ਦਾ ਜਾਇਆ ਬਣਨਾ,  
ਬੜ੍ਹਕ ਮਾਰ ਕੇ ਸਾਹਨ ਅਲਾਈ ਜਾਣਾ।  
ਚੱਪਾ ਟੁੱਕ ਤੇ ਮੰਜੀ ਦੀ ਥਾਂ ਬਦਲੇ,  
ਆਸਾ ਰਾਗ ਤਿਰਕਾਲਾਂ ਨੂੰ ਗਾਈ ਜਾਣਾ।  
ਨਾਲੇ ਜਿਹਲ ਜੁਰਮਾਨੇ ਤੋਂ ਬਚੇ ਰਹਿਣਾ,  
ਕਮਿਊਨਿਸਟ ਵੀ ਨਾਲੇ ਕਹਾਈ ਜਾਣਾ।  
ਤੂੰ ਨਹੀਂ ਜਾਣਦਾ ਥੋਹੜਿਆਂ ਦਿਨਾਂ ਤੀਕਰ",  
ਆਲਮ ਤੈਥੋਂ ਹਿਸਾਬ ਵੀ ਮੰਗਣਾ ਏ।  
ਚੁੱਕ ਕੇ ਟਿੰਡ-ਫਹੁੜੀ ਰਾਹ 'ਚੋਂ ਪਰ੍ਹੇ ਹੋ ਜਾ,  
ਏਥੋਂ ਲੋਕਾਂ ਦਿਆਂ ਲੀਡਰਾਂ ਲੰਘਣਾ ਏ।

## ਪੰਜਾਬੀ ਮਾਂ ਬੋਲੀ ਦਾ 'ਅਸਲੀ ਗੁਰਦਾਸ'

ਗੁਰਦਾਸ ਰਾਮ ਆਲਮ ਨੇ ਸਮੁੱਚਾ ਜੀਵਨ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਸਮਰਪਿਤ ਕੀਤਾ। ਦੁੱਖ ਇਸ ਗੱਲ ਦਾ ਹੈ ਕਿ 'ਵੱਡੇ ਸਾਹਿਤਕਾਰਾਂ' ਨੇ ਆਲਮ ਸਾਹਿਬ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਇਹ ਘੋਰ ਬੇਇਨਸਾਫੀ ਹੈ। ਆਲਮ ਸਾਹਿਬ ਸਮਕਾਲੀ ਕਵੀਆਂ 'ਚੋਂ ਬੇਹਤਰ ਸ਼ਾਇਰ ਸਨ ਪਰ ਈਰਖਾ ਅਤੇ ਸ਼ੋਹਰਤ ਦੀ ਇਸ ਦੌਰ ਵਿੱਚ ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਪਰ ਸੱਚ ਹੈ ਕਿ ਆਲਮ ਸਾਹਿਬ ਦੇ ਗੀਤ ਅਤੇ ਕਵਿਤਾਵਾਂ ਸਦਾ ਹੀ ਜਿਉਂਦੀਆਂ ਰਹਿਣਗੀਆਂ। ਉਹ ਪੰਜਾਬੀ ਮਾਂ ਬੋਲੀ ਦੇ 'ਅਸਲੀ ਗੁਰਦਾਸ' ਅਤੇ ਪੰਜਾਬੀ ਅਤੇ ਪੰਜਾਬੀਆਂ ਦਾ ਮਾਣ ਹਨ।

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੈਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
talwanld@hotmlal.ca

***************

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ-

604-319-0662, Email: dharam.sidhu@yahoo.com

***************

ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.
**Full Time Hiring Workers**
Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਗੂਗਲ ਮੈਪਸ ’ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕਰੋ

**ਪ੍ਰੋ: ਕੁਲਬੀਰ ਸਿੰਘ**

ਗੂਗਲ ਮੈਪਸ ਨੇ ਦੱਸਿਆ ਮੌਤ ਦਾ ਰਸਤਾ, ਟੁੱਟੇ ਪੁਲ ਤੋਂ 20 ਫੁੱਟ ਹੇਠਾਂ ਡਿੱਗੀ ਕਾਰ। ਜੀ.ਪੀ.ਐਸ. ਨੇ ਦੱਸਿਆ ਗ਼ਲਤ ਰਸਤਾ, ਨਹਿਰ ਵਿਚ ਡੁੱਬ ਗਏ ਦੋ ਨੌਜਵਾਨ ਡਾਕਟਰ। ਅਜਿਹੀਆਂ ਸੁਰਖੀਆਂ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਦੇ ਪੰਨਿਆਂ ’ਤੇ ਅਕਸਰ ਪੜ੍ਹਨ ਵੇਖਣ ਨੂੰ ਮਿਲਦੀਆਂ ਹਨ।

ਭਾਵੇਂ ਗੂਗਲ ਮੈਪਸ ਨੇ ਧਰਤੀ ’ਤੇ ਜੀਵਨ ਸੁਖਾਲਾ ਕਰ ਦਿੱਤਾ ਹੈ। ਘੁੰਮਣਾ ਫਿਰਨਾ ਅਤੇ ਅਨਜਾਣ ਥਾਵਾਂ ’ਤੇ ਪਹੁੰਚਣਾ



ਆਸਾਨ ਹੋ ਗਿਆ ਹੈ। ਇਕ ਥਾਂ ਤੋਂ ਦੂਸਰੀ ਥਾਂ ਪਹੁੰਚਣ ਵਿਚ ਸਮਾਂ ਘੱਟ ਲੱਗਦਾ ਹੈ। ਰੁਕ ਰੁਕ ਕੇ ਵਾਰ ਵਾਰ ਰਾਹ-ਰਸਤਾ ਪੁੱਛਣਾ ਨਹੀਂ ਪੈਂਦਾ। ਪਰ ਕਹਿੰਦੇ ਹਨ ਮਨੁੱਖ ਗਲਤੀਆਂ ਦਾ ਪੁਤਲਾ ਹੈ ਅਤੇ ਗੂਗਲ ਮੈਪਸ ਐਪ ਮਨੁੱਖ ਨੇ ਹੀ ਬਣਾਇਆ ਹੈ। ਪੂਰੀ ਦੁਨੀਆਂ ਦੇ, ਹਰੇਕ ਥਾਂ ਦੇ ਨਕਸ਼ਿਆਂ ਨੂੰ ਹਰ ਵੇਲੇ ਅਪਡੇਟ ਰੱਖਣਾ ਸੰਭਵ ਨਹੀਂ ਹੈ। ਕਿੱਥੇ ਕੀ ਤਬਦੀਲੀ ਹੋ ਗਈ ਹੈ, ਕਿੱਥੇ ਕਿਹੜਾ ਨੁਕਸਾਨ ਹੋ ਗਿਆ ਹੈ, ਕਿਹੜੀ ਸੜਕ ਖ਼ਰਾਬ ਹੈ, ਕਿਹੜਾ ਪੁਲ ਵਰਤੋਂ ਵਿਚ ਨਹੀਂ ਹੈ, ਕਿਹੜਾ ਪੁਲ ਢਹਿ ਗਿਆ ਹੈ, ਗੂਗਲ ਮੈਪਸ ਨੂੰ ਸੱਭ ਜਾਣਕਾਰੀ ਨਹੀਂ ਹੁੰਦੀ। ਜਾਣਕਾਰੀ ਹੋਵੇ ਵੀ ਤਾਂ ਦੁਨੀਆਂ ਭਰ ਦੇ ਨਕਸ਼ਿਆਂ ਦੀ ਸੌ ਫੀਸਦੀ ਸ਼ੁੱਧਦਾ ਸੰਭਵ ਨਹੀਂ। ਜੇਕਰ ਸਰਵਰ ਵਿਚ ਕੋਈ ਸਮੱਸਿਆ ਹੈ ਤਾਂ ਵੀ ਗੂਗਲ ਮੈਪਸ ਦੀਆਂ ਸੇਵਾਵਾਂ ਪ੍ਰਭਾਵਤ ਹੋ ਸਕਦੀਆਂ ਹਨ। ਜੇਕਰ ਟੈਨਵਰਕ ਮਜਬੂਤ ਨਹੀਂ ਹੈ ਤਦ ਵੀ ਸਥਾਨ ਦੀ ਸਹੀ ਜਾਣਕਾਰੀ, ਸਹੀ ਰਾਹ-ਰਸਤਾ ਸਥਾਪਿਤ ਕਰਨ ਵਿਚ ਮੁਸ਼ਕਲ ਆਉਂਦੀ ਹੈ। ਕਈ ਵਾਰ ਉੱਚੀਆਂ ਇਮਾਰਤਾਂ, ਸੰਘਣੇ ਰੁਖ, ਪਹਾੜ ਆਦਿ ਵੀ ਅਜਿਹੀ ਸਮੱਸਿਆ ਦਾ ਕਾਰਨ ਬਣਦੇ ਹਨ। ਬਿਹਤਰ ਹੋਵੇਗਾ ਕਿ ਆਪਣੇ ਸਾਫ਼ਟਵੇਅਰ ਨੂੰ ਅਕਸਰ ਅਪਡੇਟ ਕਰਦੇ ਰਹੋ ਅਤੇ ਆਪਣੇ ਰੂਟ, ਆਪਣੇ ਸਫ਼ਰ ਨਾਲ ਸੰਬੰਧਤ ਇਲਾਕੇ ਦੇ ਨਕਸ਼ੇ ਦੀ ਹਾਰਡ ਕਾਪੀ ਆਪਣੇ ਕੋਲ ਰੱਖੋ ਤਾਂ ਜੋ ਲੋੜ ਵੇਲੇ ਉਸਦੇ ਨਜ਼ਰ ਮਾਰੀ ਜਾ ਸਕੇ।

ਇਕ ਵਾਰ ਅਸੀਂ ਕੌਫਸ ਹਾਰਥਰ ਤੋਂ ਸਿਡਨੀ ਆ ਰਹੇ ਸਾਂ। ਰਾਤ ਦਾ ਸਮਾਂ ਸੀ। ਛੇ ਘੰਟੇ ਦਾ ਸਫ਼ਰ ਸੀ। ਬਹੁਤਿਆਂ ਨੂੰ ਨੀਂਦ ਆ ਰਹੀ ਸੀ। ਇਸ ਲਈ ਉਹ ਕਾਰ ਚਲਾਉਣ ਵਾਲੇ ਦੋਸਤ ਨੂੰ ਜੀ.ਪੀ.ਐਸ. ਆਨ ਕਰਨ ਲਈ ਕਹਿਣ ਲੱਗੇ। ਉਸਨੇ ਇਹ ਕਹਿੰਦੇ ਹੋਏ ਜੀ.ਪੀ.ਐਸ. ’ਤੇ ਜਾਣ ਤੋਂ ਮਨਾ ਕਰ ਦਿੱਤਾ ਕਿ ਇਕ ਵਾਰ ਇਸੇ ਰੂਟ ’ਤੇ ਜੀ.ਪੀ.ਐਸ. ਨੇ ਸ਼ਾਰਟਕੱਟ ਮਾਰਨ ਦੇ ਲਾਲਚ ਵਿਚ ਸਾਨੂੰ ਪਿੰਡਾਂ ਦੇ ਰਸਤੇ ਪਾ ਦਿੱਤਾ। ਬੜੀ ਖੱਜਲ ਖੁਆਰੀ ਹੋਈ। ਕੰਨਾਂ ਨੂੰ ਹੱਥ ਲਾ ਲਏ ਕਿ ਇਸਦੀ ਵਰਤੋਂ ਨਾ ਸਕਦੇ ਨੂੰ ਹੀ ਕਰਨੀ ਹੈ। ਹਰ ਵੇਲੇ ਨਹੀਂ।

ਇੰਡੀਨੇਸ਼ੀਆ ਵਿਚ ਬੜਾ ਅਜੀਬ ਮਾਮਲਾ ਸਾਹਮਣੇ ਆਇਆ ਹੈ। ਗੂਗਲ ਮੈਪਸ ਦੀ ਗ਼ਲਤੀ ਕਾਰਨ ਇਕ ਬਰਾਤ ਬੜੀ ਮਸੀਬਤ ਵਿਚ ਫ਼ਸ ਗਈ। ਗੂਗਲ ਮੈਪਸ ਦੁਆਰਾ ਦੱਸੇ ਰਸਤੇ ਅਨੁਸਾਰ ਸ਼ਾਦੀ ਵਾਲੇ ਦਿਨ ਵਿਆਹ ਵਾਲਾ ਲੜਕਾ ਬਰਾਤ ਸਮੇਤ ਕਿਸੇ ਹੋਰ ਹੀ ਘਰ ਪਹੁੰਚ ਗਿਆ। ਸਬੱਬ ਨਾਲ ਉਸ ਦਿਨ ਉਸ ਘਰ ਵਿਚ ਵੀ ਲੜਕੀ ਦੀ ਸ਼ਾਦੀ ਸੀ ਅਤੇ ਲੜਕੀ ਵਾਲੇ ਬਰਾਤ ਦੀ ਉਡੀਕ ਕਰ ਰਹੇ ਸਨ। ਉਥੇ ਸੁਆਗਤ ਵੀ ਹੋ ਗਿਆ। ਨਾਸ਼ਤਾ ਵੀ ਕਰ ਲਿਆ। ਜਦੋਂ ਦੋਹਾਂ ਪਰਿਵਾਰਾਂ ਦੇ ਮੈਂਬਰਾਂ ਦੀ ਆਪਸ ਵਿਚ ਗੱਲਬਾਤ ਹੋਈ ਤਾਂ ਕਿਸੇ ਨੂੰ ਇਸ ਗ਼ਲਤੀ ਦਾ ਅਹਿਸਾਸ ਹੋਇਆ। ਕਿਉਂਕਿ ਇਕ ਹੀ ਦਿਨ ਪਿੰਡ ਵਿਚ ਦੋ ਲੜਕੀਆਂ ਦੀਆਂ ਸ਼ਾਦੀਆਂ ਸਨ।

ਅਜਿਹੀਆਂ ਪ੍ਰੇਸ਼ਾਨੀਆਂ ਦੀ ਬੀਤੇ ਸਮੇਂ ਦੌਰਾਨ ਗਿਣਤੀ ਹਜ਼ਾਰਾਂ ਵਿਚ ਰਹੀ ਹੈ। ਕਦੇ ਇਹ ਤੁਹਾਨੂੰ ਊਬੜ ਖਾਬੜ ਰਾਹਾਂ ’ਤੇ ਪਾ ਦਿੰਦੇ ਹਨ। ਕਦੇ ਗ਼ਲਤ ਦਿਸ਼ਾ ਵੱਲ ਭੇਜ ਦਿੰਦੇ ਹਨ ਅਤੇ ਲੋਕਾਂ ਨੂੰ ਖੱਜਲ ਖੁਆਰ ਹੋ ਕੇ ਵਾਪਿਸ ਮੁਖ ਸੜਕ ’ਤੇ ਆਉਣਾ ਪੈਂਦਾ ਹੈ। ਬੀਤੇ ਦਿਨੀਂ ਕੇਰਲਾ ਦਾ ਇਕ ਪਰਿਵਾਰ ਗੂਗਲ ਮੈਪਸ ਦੀ ਮਦਦ ਨਾਲ ਸਫ਼ਰ ਕਰ ਰਿਹਾ ਸੀ ਜਦ ਉਹ ਉਸ ਦਿਸ਼ਾ ਵਿਚ ਅੱਗੇ ਵਧੇ ਤਾਂ ਕਾਰ ਹੜ੍ਹ ਦੇ ਪਾਣੀ ਵਿਚ ਘਿਰ ਗਈ। ਸਥਾਨਕ ਲੋਕਾਂ ਦੇ ਉੱਦਮ ਸਦਕਾ ਉਹ ਹੜ੍ਹ ਦੇ ਸ਼ੂਕਦੇ ਪਾਣੀ ਵਿਚੋਂ ਜਿੰਦਾ ਬਾਹਰ ਆ ਸਕੇ। ਤਕਨੀਕੀ ਮਾਹਿਰ ਮੰਨਦੇ ਹਨ ਕਿ ਪੂਰੀ ਤਰ੍ਹਾਂ ਇਸ ਤਕਨੀਕ ਦੇ ਭਰੋਸੇ ਨਹੀਂ ਰਿਹਾ ਜਾ ਸਕਦਾ। ਜੇ ਅਸੀਂ ਅੱਖਾਂ ਬੰਦ ਕਰਕੇ ਗੂਗਲ ਮੈਪਸ ਅਨੁਸਾਰ ਜਾਵਾਂਗੇ ਤਾਂ ਕਦੇ ਵੀ, ਕਿਤੇ ਵੀ ਧੋਖਾ ਖਾ ਸਕਦੇ ਹਾਂ। ਦਰਅਸਲ ਨਕਸ਼ਾ ਲਗਭਗ 20 ਮੀਟਰ ਤੱਕ ਤੁਹਾਡਾ ਸਥਾਨ ਜਾਨਣ ਲਈ ਉਪਗ੍ਰਿਹਾਂ ਦੀ ਵਰਤੋਂ ਕਰਦਾ ਹੈ। ਜਦੋਂ ਤੁਸੀਂ ਪੁਲ, ਫਲਾਈਓਵਰ ਦੇ ਹੇਠਾਂ ਜਾਂ ਸੁਰੰਗ ਵਿਚ ਹੁੰਦੇ ਹੋ ਤਾਂ ਜੀ.ਪੀ.ਐਸ. ਕਦੇ ਕਦਾਈਂ ਗ਼ਲਤ ਹੋ ਸਕਦਾ ਹੈ। ਨੇੜੇ ਤੇੜੇ ਦੇ ਵਾਈ ਫਾਈ ਨੈਟਵਰਕ ਦਾ ਸਥਾਨ ਨਕਸ਼ੇ ਨੂੰ ਇਹ ਜਾਨਣ ਵਿਚ ਸਹਾਇਤਾ ਕਰਦਾ ਹੈ ਕਿ ਤੁਸੀਂ ਕਿੱਥੇ ਹੋ। ਮੋਬਾਈਲ ਡੇਟਾ ਨਾਲ ਤੁਹਾਡਾ ਕਨੈਕਸ਼ਨ ਕੁਝ ਹਜ਼ਾਰ ਮੀਟਰ ਤੱਕ ਹੀ ਸਟੀਕ ਹੋ ਸਕਦਾ ਹੈ। ਇਨ੍ਹਾਂ ਕਾਰਨਾਂ ਕਰਕੇ ਕਈ ਵਾਰ ਗਲਤੀ ਲੱਗ ਜਾਂਦੀ ਹੈ।

ਵੈਸੇ ਵੀ ਭਾਰਤ ਵਿਚ ਗੂਗਲ ਮੈਪਸ ਦੀ ਸਥਿਤੀ ਹੋਰਨਾਂ ਮੁਲਕਾਂ ਦੇ ਮੁਕਾਬਲੇ ਖ਼ਰਾਬ ਹੈ ਕਿਉਂਕਿ ਇਥੇ ਇਕ ਵਰਗ ਮੀਟਰ ਵਿਚ ਇਕ ਪਿਕਸਲ ਰੇਂਜ ਹੈ। ਕਹਿਣ ਦਾ ਭਾਵ ਤੁਹਾਨੂੰ ਇਕ ਪਿਕਸਲ ਵਿਚ ਇਕ ਵਰਗ ਮੀਟਰ ਤੋਂ ਵੱਧ ਨਹੀਂ ਵਿਖਾਇਆ ਜਾ ਸਕਦਾ। ਇਹ ਨਿਯਮ ਹੈ ਅਤੇ ਸਰੱਖਿਆ ਦੀ ਦ੍ਰਿਸ਼ਟੀ ਤੋਂ ਵੀ ਦਰੁਸਤ ਹੈ। ਜਦੋਂ ਕਿ ਹੋਰਨਾਂ ਦੇਸ਼ਾਂ ਵਿਚ ਇਹ ਇਕ ਮੀਟਰ ਤੋਂ ਘੱਟ ਹੈ। ਇਸ ਲਈ ਉਥੋਂ ਦਾ ਨਕਸ਼ਾ ਸਾਫ਼ ਤੇ ਸਪਸ਼ਟ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਹਵਾਈ ਉਡਾਨ ਦੁਆਰਾ ਤਸਵੀਰ ਲੈਣ ਦੀ ਆਗਿਆ ਹੈ ਜਦਕਿ ਭਾਰਤ ਵਿਚ ਨਹੀਂ ਹੈ। ਇਸ ਲਈ ਇਥੇ ਨਕਸ਼ਾ ਸਪਸ਼ਟ ਨਹੀਂ ਹੁੰਦਾ। ਆਉਣ ਵਾਲੇ ਸਮੇਂ ਵਿਚ ਇਹ ਮਸਲਾ ਹੱਲ ਹੋ ਸਕਦਾ ਹੈ ਕਿਉਂਕਿ ਬਹੁਤ ਸਾਰੀਆਂ ਕੰਪਨੀਆਂ ਨੂੰ ਦਿੱਕਤ ਆ ਰਹੀ ਹੈ ਅਤੇ ਉਹ ਵਾਰ ਵਾਰ ਸ਼ਕਾਇਤ ਕਰ ਰਹੀਆਂ ਹਨ।










# ਸ਼ੂਗਰ, ਦਿਲ ਦਾ ਦੌਰਾ ਤੇ ਕੈਂਸਰ ਦਾ ਜਨਮਦਾਤਾ ਹੈ ਮੋਟਾਪਾ

ਪਿਛਲੇ ਤਿੰਨ ਦਹਾਕਿਆਂ ਵਿਚ ਪੱਛਮੀ ਸੱਭਿਅਤਾ ਦਾ ਪ੍ਰਭਾਵ ਵਧਿਆ ਹੈ, ਖ਼ਾਸ ਤੌਰ 'ਤੇ ਸ਼ਹਿਰੀ ਇਲਾਕਿਆਂ ਵਿਚ। ਇਥੇ ਵੀ ਸਧਾਰਨ ਮਿੱਠੇ ਦੇ ਨਾਲ ਹੀ ਸਾਡੀ ਨੌਜਵਾਨ ਪੀੜ੍ਹੀ ਉਨ੍ਹਾਂ ਪੀਣ ਵਾਲੇ ਪਦਾਰਥਾਂ ਦੀ ਆਦੀ ਹੋ ਗਈ ਹੈ, ਜਿਸ ਰਾਹੀਂ ਨਿਯਮਿਤ ਰੂਪ ਨਾਲ ਵਾਧੂ ਮਿੱਠਾ ਸਰੀਰ ਵਿਚ ਜਾ ਰਿਹਾ ਹੈ। ਇਹ ਸੱਚ ਹੈ ਕਿ ਭਾਰਤ ਖੰਡ ਦੀ ਵਰਤੋਂ ਦੇ ਮਾਮਲੇ ਵਿਚ ਵਿਸ਼ਵ ਦਾ ਮੋਹਰੀ ਹੈ। ਖੰਡ ਦੇ ਜ਼ਿਆਦਾ ਸੇਵਨ ਦੇ ਕਾਰਨ ਹੀ ਮੋਟਾਪਾ ਵਧ ਰਿਹਾ ਹੈ ਜੋ ਸ਼ੂਗਰ ਅਤੇ ਦਿਲ ਸਬੰਧੀ ਬਿਮਾਰੀਆਂ ਦਾ ਜਨਮਦਾਤਾ ਹੈ। ਇਸ ਤਰ੍ਹਾਂ ਮਿਲਦੀ ਹੈ ਊਰਜਾ : (1) ਹੋਰ ਖਾਧ ਪਦਾਰਥਾਂ ਅਤੇ ਖੰਡ ਤੋਂ ਮਿਲਣ ਵਾਲੇ ਕਾਰਬੋਹਾਈਡ੍ਰੇਟ ਨੂੰ ਪੇਟ ਗੁਲੂਕੋਜ਼ ਵਿਚ ਬਦਲ ਦਿੰਦਾ ਹੈ। (2) ਗੁਲੂਕੋਜ਼ ਖ਼ੂਨ ਸੰਚਾਰ ਵਿਚ ਘੁਲਣ ਲਗਦਾ ਹੈ। (3) ਸਰੀਰ ਇੰਸੂਲਿਨ ਦਾ ਨਿਰਮਾਣ ਕਰਦਾ ਹੈ ਜੋ ਗੁਲੂਕੋਜ਼ ਸਰੀਰ ਵਿਚ ਪ੍ਰਵਾਹਿਤ ਕਰਦਾ ਹੈ। (5) ਜੇਕਰ ਇੰਸੂਲਿਨ ਦੀ ਮਾਤਰਾ ਸਹੀ ਰੂਪ ਨਾਲ ਨਹੀਂ ਹੋ ਰਹੀ ਤਾਂ ਖ਼ੂਨ ਵਿਚ ਗੁਲੂਕੋਜ਼ ਦੀ ਮਾਤਰਾ ਵਧ ਜਾਂਦੀ ਹੈ ਜੋ ਸ਼ੂਗਰ ਦਾ ਕਾਰਨ ਬਣਦੀ ਹੈ।

ਲਿਵਰ ਵਿਚ ਜਮ੍ਹਾਂ ਹੁੰਦਾ ਹੈ ਗੁਲੂਕੋਜ਼ : ਕਾਰਬੋਹਾਈਡ੍ਰੇਟ ਦੇ ਰੂਪ ਵਿਚ ਲਿਆ ਗਿਆ ਗੁਲੂਕੋਜ਼ ਲਿਵਰ ਤੱਕ ਪਹੁੰਚਦਾ ਹੈ ਅਤੇ ਗਲਾਈਕੋਜ਼ਨ ਦੇ ਰੂਪ ਵਿਚ ਉਥੇ ਜਮ੍ਹਾਂ ਹੋ ਜਾਂਦਾ ਹੈ। ਜਦੋਂ ਖ਼ੂਨ ਵਿਚ ਗੁਲੂਕੋਜ਼ ਦੀ ਕਮੀ ਹੋਣ ਲੱਗਦੀ ਹੈ ਤਾਂ ਲਿਵਰ ਆਪਣੇ ਕੋਲ ਜਮ੍ਹਾਂ ਗੁਲੂਕੋਜ਼ ਨੂੰ ਰਿਲੀਜ਼ ਕਰਨ ਲਗਦਾ ਹੈ। ਇਕ ਸਿਹਤਮੰਦ ਵਿਅਕਤੀ ਲਈ ਲਿਵਰ ਵਿਚ 100 ਗ੍ਰਾਮ ਗਲਾਈਕੋਜ਼ਨ ਜਮ੍ਹਾਂ ਹੁੰਦਾ ਹੈ ਜੋ ਸਧਾਰਨ ਵਿਅਕਤੀ ਨੂੰ 24 ਘੰਟੇ ਤੱਕ ਊਰਜਾ ਦੇਣ ਲਈ ਸਹੀ ਹੈ।

ਸਰੀਰ ਵਿਚ ਕਾਰਬੋਹਾਈਡ੍ਰੇਟ ਦੀ ਪੂਰਤੀ ਲਈ ਖੰਡ ਦਾ ਸੇਵਨ ਜ਼ਰੂਰੀ ਹੈ ਪਰ ਇਸ ਦਾ ਜ਼ਿਆਦਾ ਸੇਵਨ ਸਰੀਰ 'ਤੇ ਉਲਟ ਅਸਰ ਪਾ ਸਕਦਾ ਹੈ। ਜੇਕਰ ਸਰੀਰ ਵਿਚ ਕਾਰਬੋਹਾਈਟ੍ਰੇਡ ਦੀ ਕਮੀ ਹੋਵੇਗੀ ਤਾਂ ਊਰਜਾ ਲਈ ਪ੍ਰੋਟੀਨ (ਐਮੀਨੋ ਐਸਿਡ) ਅਤੇ ਚਰਬੀ (ਫੈਟੀ ਐਸਿਡ) 'ਤੇ ਬੁਰਾ ਪ੍ਰਭਾਵ ਪਵੇਗਾ। ਇਸ ਵਜ੍ਹਾ ਨਾਲ ਕਾਰਬੋਹਾਈਡ੍ਰੇਟ ਦੀ ਪੂਰਤੀ ਲਈ ਖੰਡ ਦਾ ਸੰਕੋਚ ਨਾਲ ਸੇਵਨ ਕਰਨਾ ਚਾਹੀਦਾ ਹੈ ਪਰ ਇਸ ਦਾ ਜ਼ਿਆਦਾ ਸੇਵਨ ਕਈ ਤਰ੍ਹਾਂ ਦੀਆਂ ਰੁਕਾਵਟਾਂ ਦਾ ਕਾਰਨ ਬਣ ਸਕਦਾ ਹੈ। ਇਸ ਨਾਲ ਮੋਟਾਪਾ ਵਧ ਸਕਦਾ ਹੈ ਅਤੇ ਜਿਨ੍ਹਾਂ ਲੋਕਾਂ ਦੇ ਸਰੀਰ ਵਿਚ ਇੰਸੂਲਿਨ ਹਾਰਮੋਨ ਵਿਚ ਸਮੱਸਿਆਵਾਂ ਹਨ, ਉਨ੍ਹਾਂ ਵਿਚ ਇਹ ਸ਼ੂਗਰ ਦੀ ਸਮੱਸਿਆ ਪੈਦਾ ਕਰ ਸਕਦਾ ਹੈ। ਜ਼ਿਆਦਾ ਸੇਵਨ ਕਿਸੇ ਵੀ ਚੀਜ਼ ਦਾ ਬੁਰਾ ਹੈ। ਸਰੀਰ ਨੂੰ ਪ੍ਰੋਟੀਨ, ਚਰਬੀ, ਕਾਰਬੋਹਾਈਡ੍ਰੇਟ ਵਰਗੀਆਂ ਸਾਰੀਆਂ ਜ਼ਰੂਰੀ ਚੀਜ਼ਾਂ ਚਾਹੀਦੀਆਂ ਹਨ। ਸਿਰਫ਼ ਨਿਰਧਾਰਿਤ ਕੈਲੋਰੀ ਦੀ ਜ਼ਰੂਰਤ ਦੀ ਪੂਰਤੀ ਕਰਨਾ ਹੀ ਜ਼ਰੂਰੀ ਨਹੀਂ ਹੈ। ਭੋਜਨ ਬਦਲਵਾਂ ਵਾਲਾ ਹੋਣਾ ਚਾਹੀਦਾ। ਕਾਰਬੋਹਾਈਡ੍ਰੇਟ ਦੀ ਜ਼ਰੂਰਤ ਵਿਅਕਤੀ ਦੀ ਉਮਰ, ਸਰੀਰਕ ਸਥਿਤੀ ਅਤੇ ਪੈਰਾਂ 'ਤੇ ਨਿਰਭਰ ਕਰਦੀ ਹੈ। ਖਿਡਾਰੀਆਂ ਤੇ ਸਰੀਰਕ ਮਿਹਨਤ ਕਰਨ ਵਾਲੇ ਲੋਕਾਂ ਨੂੰ ਕੁਰਸੀ 'ਤੇ ਬੈਠ ਕੇ ਕੰਮ ਕਰਨ ਵਾਲਿਆਂ ਤੋਂ ਜ਼ਿਆਦਾ ਕਾਰਬੋਹਾਈਡ੍ਰੇਟ ਦੀ ਜ਼ਰੂਰਤ ਹੋਵੇਗੀ। ਇਹ ਸਾਈਕਲੋਜੀਕਲ ਪਹਿਲੂ ਹੈ ਕਿ ਥਕਾਨ ਮਹਿਸੂਸ ਹੁੰਦੇ ਹੀ ਗੁਲੂਕੋਜ਼ ਜਾਂ ਖੰਡ ਯੁਕਤ ਪੀਣ ਵਾਲੇ ਪਦਾਰਥ ਲੈਣ 'ਤੇ ਝੱਟ ਤਾਕਤ ਮਿਲਦੀ ਹੈ। ਭੁੱਖ ਲੱਗਣ 'ਤੇ ਜਿਸ ਤਰ੍ਹਾਂ ਨਾਲ ਭੋਜਨ ਕਰਦੇ ਹੀ ਦਿਮਾਗ਼ ਨੂੰ ਤਰੋਤਾਜ਼ਾ ਮਹਿਸੂਸ ਹੁੰਦਾ ਹੈ, ਉਸੇ ਤਰ੍ਹਾਂ ਥਕਾਨ ਸਮੇਂ ਗੁਲੂਕੋਜ਼ ਲੈਣ 'ਤੇ ਦਿਮਾਗ਼ ਨੂੰ ਤਾਜ਼ਗੀ ਮਹਿਸੂਸ ਹੁੰਦੀ ਹੈ। ਊਰਜਾ ਮਿਲਣ ਦੀ ਪ੍ਰਕਿਰਿਆ ਕੁਝ ਦੇਰ ਬਾਅਦ ਸ਼ੁਰੂ ਹੁੰਦੀ ਹੈ। ਗੁਲੂਕੋਜ਼ ਲਿਵਰ ਵਿਚ ਜਮ੍ਹਾਂ ਹੁੰਦਾ ਹੈ ਐਤ ਇਸ ਤੋਂ ਬਾਅਦ ਖ਼ੂਨ ਰਾਹੀਂ ਸੰਚਾਰ ਕਰਕੇ ਉਹ ਸਾਰੀਆਂ ਕੋਸ਼ਿਕਾਵਾਂ ਤੱਕ ਪਹੁੰਚਾਉਂਦਾ ਹੈ। ਸਰੀਰ ਨਿਸਚਿਤ ਮਾਤਰਾ ਤੱਕ ਹੀ ਸ਼ੂਗਰ ਨੂੰ ਹਜ਼ਮ ਕਰਨ ਦੀ ਤਾਕਤ ਰੱਖਦਾ ਹੈ ਪਰ ਜਦੋਂ ਅਸੀਂ ਇਸ ਦੀ ਵਰਤੋਂ ਜ਼ਿਆਦਾ ਕਰਨ ਲੱਗਦੇ ਹਾਂ ਤਾਂ ਇਹ ਸਰੀਰ ਵਿਚ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ। ਰਸਾਇਣਕ ਬਦਲਾਅ ਤੋਂ ਬਾਅਦ ਇਹ ਸਧਾਰਨ ਸ਼ੂਗਰ ਮੋਟਾਪੇ ਵਿਚ ਬਦਲ ਜਾਂਦੀ ਹੈ। ਜੇਕਰ ਇਹ ਮੋਟਾਪਾ ਇਸੇ ਤਰ੍ਹਾਂ ਸਰੀਰ ਵਿਚ ਵਧਦਾ ਰਹੇ ਤਾਂ ਮੈਟਾਬਾਲਿਜ਼ਮ ਨਾਲ ਹੋਣ ਵਾਲੇ ਰੋਗ ਹੋਣ ਲਗਦੇ ਹਨ। ਖਾਣ-ਪੀਣ ਦੀਆਂ ਆਦਤਾਂ ਵਿਚ ਬਦਲਾਅ ਨਾਲ ਮੈਟਾਬਾਲਿਜ਼ਮ ਦੀ ਪ੍ਰਕਿਰਿਆ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਇਸ ਨਾਲ ਬਲੱਡ ਸ਼ੂਗਰ ਅਤੇ ਕੋਲੇਸਟ੍ਰੋਲ ਦੀ ਸਥਿਤੀ ਵਿਗੜਦੀ ਹੈ। ਇਸ ਕਾਰਨ ਉੱਚ ਖ਼ੂਨ ਦਬਾਅ, ਸ਼ੂਗਰ ਜਾਂ ਕੈਂਸਰ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਅਤੇ ਭਵਿੱਖ ਵਿਚ ਦਿਲ ਦੇ ਰੋਗ ਦਾ ਖ਼ਤਰਾ ਵਧ ਰਿਹਾ ਹੈ। ਅਖੀਰ ਇਸ ਲਈ ਸਾਵਧਾਨ ਰਹੋ।



## ਬਾਰ-ਬਾਰ ਸੈਨੀਟਾਈਜ਼ ਕਰਨ ਨਾਲ ਖਰਾਬ ਹੋਏ

# ਹੱਥਾਂ ਦੀ ਕਿਵੇਂ ਕਰੀਏ ਦੇਖਭਾਲ



ਕੋਰੋਨਾ ਵਾਇਰਸ ਦੀ ਮਹਾਂਮਾਰੀ ਨੇ ਦੁਨੀਆ ਭਰ ਦੇ ਲੋਕਾਂ 'ਚ ਕੀਟਾਣੂਆਂ ਦੇ ਡਰ ਦੇ ਸਾਏ ਹੇਠ ਜਿਊਣ ਦਾ ਡਰ ਪੈਦਾ ਕਰ ਦਿੱਤਾ ਹੈ ਅਤੇ ਲੋਕ ਮਜਬੂਰਨ ਵਾਇਰਸ ਨਾਲ ਜ਼ਿੰਦਗੀ ਜਿਊਣ ਦੇ ਆਦੀ ਬਣਦੇ ਜਾ ਰਹੇ ਹਨ। ਹੁਣ ਜਦੋਂ ਕਿ ਹੱਥ ਧੋਣ ਅਤੇ ਸੈਨੀਟਾਈਜ਼ ਕਰਨ ਨੂੰ ਬਿਮਾਰੀ ਰੋਕਣ ਦਾ ਮੂਲ ਮੰਤਰ ਮੰਨਿਆ ਜਾ ਰਿਹਾ ਹੈ ਤਾਂ ਇਸ ਤਰ੍ਹਾਂ ਸਵਾਲ ਇਹ ਉੱਠਦਾ ਹੈ ਕਿ ਵਾਰ-ਵਾਰ ਸਾਬਣ ਨਾਲ ਹੱਥ ਧੋਣ ਨਾਲ ਹੱਥਾਂ ਦੀ ਬਾਹਰੀ ਸੰਵੇਦਨਸ਼ੀਲ ਚਮੜੀ ਵਿਚ ਜਲਣ, ਖੁਜਲੀ, ਸੁੱਕਾਪਨ, ਐਕਜ਼ਿਮਾ, ਡਰਮੇਟਾਈਟਿਸ ਆਦਿ ਬਿਮਾਰੀਆਂ ਨੂੰ ਕਿਵੇਂ ਰੋਕਿਆ ਜਾਵੇ। ਸਾਬਣ, ਕੈਮੀਕਲ, ਡਿਟਰਜੈਂਟ ਅਤੇ ਅਲਕੋਹਲ ਅਧਾਰਿਤ ਸੈਨੀ ਟਾਈਜ਼ਰ ਦੀ ਹੱਥਾਂ 'ਤੇ ਵਾਰ-ਵਾਰ ਵਰਤੋਂ ਕਰਨ ਨਾਲ ਐਪਿਡ ਮਿਰਸ ਦੀ ਉੱਪਰੀ ਚਮੜੀ ਵਿਚ ਪ੍ਰੋਟੀਨ ਨੂੰ ਨੁਕਸਾਨ ਪਹੁੰਚੇਗਾ। ਸਭ ਤੋਂ ਪਹਿਲਾਂ ਸਵੇਰ ਦੇ ਇਸ਼ਨਾਨ ਸਮੇਂ ਹੱਥਾਂ ਨੂੰ ਤੇਲ ਅਤੇ ਮਾਈਸਰਾਈਜ਼ਰ ਕਰਨ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਕੱਚੇ ਦੁੱਧ ਦੀ ਮਾਲਿਸ਼ ਹੱਥਾਂ ਨੂੰ ਕੋਮਲ ਬਣਾਈ ਰੱਖਣ ਵਿਚ ਕਾਫ਼ੀ ਮਦਦਗਾਰ ਸਾਬਤ ਹੁੰਦੀ ਹੈ। ਕੱਚੇ ਦੁੱਧ ਨੂੰ ਕੱਢ ਕੇ ਫਰਿੱਜ ਵਿਚ ਰੱਖ ਲਓ ਅਤੇ ਜਦੋਂ ਵੀ ਸਮਾਂ ਮਿਲੇ ਤਾਂ ਹੱਥਾਂ-ਪੈਰਾਂ 'ਤੇ ਮਲ ਕੇ ਹੌਲੀ-ਹੌਲੀ ਮਾਲਸ਼ ਕਰੋ। ਇਸ ਨਾਲ ਚਮੜੀ ਮੁਲਾਇਮ ਹੋਵੇਗੀ ਅਤੇ ਚਮੜੀ 'ਤੇ ਜੰਮੀ ਮੈਲ, ਗੰਦਗੀ ਦੂਰ ਹੋਵੇਗੀ। ਤੁਸੀਂ ਇਸ ਪ੍ਰਕਿਰਿਆ ਨੂੰ ਰੋਜ਼ਾਨਾ ਦੁਹਰਾ ਸਕਦੇ ਹੋ ਜਾਂ 1-2 ਦਿਨ ਦੇ ਵਕਫ਼ੇ ਬਾਅਦ ਕਰ ਸਕਦੇ ਹੋ। ਇਸ਼ਨਾਨ ਤੋਂ ਪਹਿਲਾਂ ਹੱਥਾਂ 'ਤੇ ਕੋਸਾ ਤੇਲ ਲਗਾ ਕੇ ਹੱਥਾਂ ਦੀ ਚੰਗੀ ਤਰ੍ਹਾਂ ਮਾਲਸ਼ਿ ਕਰੋ ਜਿਸ ਨਾਲ ਹੱਥਾਂ ਦੀ ਚਮੜੀ ਮੁਲਾਇਮ ਹੋ ਜਾਵੇ। ਇਸ ਲਈ ਤੁਸੀਂ ਨਾਰੀਅਲ ਤੇਲ ਜਾਂ ਬਦਾਮ ਤੇਲ ਦੀ ਵਰਤੋਂ ਕਰੋ ਤਾਂ ਜ਼ਿਆਦਾ ਚੰਗਾ ਰਹੇਗਾ। ਨਹਾਉਣ ਤੋਂ ਬਾਅਦ ਜਦੋਂ ਤੁਹਾਡੀ ਚਮੜੀ ਗਿੱਲੀ ਹੋਵੇ ਤਾਂ ਹੱਥਾਂ 'ਤੇ ਮਾਈਸਚਾਈਜ਼ਰ ਲਗਾ ਲਓ ਜਿਸ ਨਾਲ ਚਮੜੀ ਵਿਚ ਨਮੀ ਨੂੰ ਬਣਾਈ ਰੱਖਣ ਵਿਚ ਮਦਦ ਮਿਲੇਗੀ। ਬਦਾਮ, ਦਹੀਂ ਅਤੇ ਚੁਟਕੀ ਮਾਤਰ ਹਲਦੀ ਪਾ ਕੇ ਬਣੇ ਮਿਸ਼ਰਨ ਨੂੰ ਹੱਥਾਂ 'ਤੇ ਲਗਾ ਕੇ 30 ਮਿੰਟ ਬਾਅਦ ਹੱਥਾਂ ਨੂੰ ਤਾਜ਼ੇ ਠੰਢੇ ਪਾਣੀ ਨਾਲ ਧੋ ਲਓ। ਇਸ ਪ੍ਰਕਿਰਿਆ ਨੂੰ ਤੁਸੀਂ ਹਫ਼ਤੇ ਵਿਚ ਦੋ ਵਾਰ ਕਰ ਸਕਦੇ ਹੋ। ਰਾਤ ਨੂੰ ਸੌਣ ਤੋਂ ਪਹਿਲਾਂ ਹੱਥਾਂ 'ਤੇ ਪੋਸ਼ਕ ਕ੍ਰੀਮ ਦੀ ਹਲਕੀ ਹਲਕੀ ਮਾਲਸ਼



ਕਰਨ ਤੋਂ ਬਾਅਦ ਸੌਂ ਜਾਓ। ਚਾਰ ਚਮਚ ਬਦਾਮ ਤੇਲ, ਇਕ ਚਮਚ ਗੁਲਾਬ ਜਲ ਅਤੇ ਅੱਧਾ ਚਮਚ ਟਿੰਚਰ ਬੈਂਜ਼ੋਈਨ ਨੂੰ ਮਿਲਾ ਕੇ ਬਣੇ ਮਿਸ਼ਰਨ ਨੂੰ ਹੱਥਾਂ 'ਤੇ ਲਗਾ ਕੇ ਹੱਥਾਂ 'ਤੇ ਸੂਤੀ ਕਪੜਾ ਲਪੇਟ ਕੇ ਹੱਥਾਂ ਨੂੰ ਢਕ ਲਓ ਅਤੇ ਇਸ ਨੂੰ ਰਾਤ ਭਰ ਹੱਥਾਂ 'ਤੇ ਲੱਗਿਆ ਰਹਿਣ ਤੋਂ ਬਾਅਦ ਸਵੇਰੇ ਹੱਥਾਂ ਨੂੰ ਤਾਜ਼ੇ ਪਾਣੀ ਨਾਲ ਧੋ ਲਓ। ਇਸ ਨਾਲ ਤੁਹਾਡੇ ਹੱਥ ਕੋਮਲ ਅਤੇ ਮੁਲਾਇਮ ਹੋ ਜਾਣਗੇ। ਲੋਸ਼ਨ ਦੀ ਬਜਾਏ ਤੁਸੀਂ ਕ੍ਰੀਮ/ਆਇੰਟਮੈਂਟ ਨੂੰ ਪਹਿਲ ਦਿਓ ਕਿਉਂਕਿ ਇਹ ਜ਼ਿਆਦਾ ਪ੍ਰਭਾਵੀ ਹੁੰਦੇ ਹਨ। ਨਿੰਬੂ ਜੂਸ ਅਤੇ ਚੀਨੀ ਨੂੰ ਹੱਥਾਂ 'ਤੇ ਰਗੜਨ ਨਾਲ ਚਮੜੀ ਮੁਲਾਇਮ ਹੁੰਦੀ ਹੈ। ਦੋ ਚਮਚ ਸੂਰਜਮੁਖੀ ਤੇਲ, ਦੋ ਚਮਚ ਨਿੰਬੂ ਜੂਸ ਅਤੇ ਤਿੰਨ ਚਮਚ ਚੀਨੀ ਨੂੰ ਮਿਲਾ ਕੇ ਬਣਾਏ ਮਿਸ਼ਰਨ ਨੂੰ ਹੱਥਾਂ 'ਤੇ ਲਗਾ ਕੇ ਅੱਧੇ ਘੰਟੇ ਬਾਅਦ ਹੱਥਾਂ ਨੂੰ ਤਾਜ਼ੇ ਸਾਫ਼ ਪਾਣੀ ਨਾਲ ਧੋ ਲਓ। ਇਸ ਦੀ ਹਫ਼ਤੇ ਵਿਚ ਤਿੰਨ ਵਾਰ ਵਰਤੋਂ ਕਰ ਸਕਦੇ ਹੋ। ਛਾਣਬੂਰਾ, ਵੇਸਨ, ਹਲਦੀ ਅਤੇ ਦੁੱਧ ਨੂੰ ਮਿਲਾ ਕੇ ਇਸ ਦਾ ਪੇਸਟ ਬਣਾ ਲਓ। ਇਸ ਮਿਸ਼ਰਨ ਨੂੰ 20 ਮਿੰਟ ਤੱਕ ਹੱਥਾਂ 'ਤੇ ਲੱਗਾ ਰਹਿਣ ਤੋਂ ਬਾਅਦ ਹੱਥਾਂ ਨੂੰ ਤਾਜ਼ੇ ਪਾਣੀ ਨਾਲ ਧੋ ਲਓ। ਇਕ ਚਮਚ ਖਮੀਰ ਨੂੰ ਇਕ ਗਿਲਾਸ ਤਾਜ਼ੇ ਜੂਸ ਵਿਚ ਪਾ ਕੇ ਪੀਣ ਨਾਲ ਨਹੁੰ ਅਤੇ ਚਮੜੀ ਚੰਗੀ ਅਤੇ ਸਿਹਤਮੰਦ ਰਹਿੰਦੀ ਹੈ।

## ਇਜ਼ਰਾਈਲ ਤੇ ਗਾਜ਼ਾ ਲਈ ਕੈਨੇਡਾ ਮੁਹੱਈਆ ਕਰਾਵੇਗਾ 10 ਮਿਲੀਅਨ ਡਾਲਰ ਦੀ ਮਨੁੱਖਤਾਵਾਦੀ ਮਦਦ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਇਜ਼ਰਾਈਲ ਤੇ ਗਾਜ਼ਾ ਪੱਟੀ ਉੱਤੇ ਮਨੁੱਖਤਾਵਾਦੀ ਸਹਿਯੋਗ ਲਈ 10 ਮਿਲੀਅਨ ਡਾਲਰ ਦੀ ਮੁੱਢਲੀ ਰਕਮ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਅੱਜ ਏਅਰਲਿਫਟ ਕੀਤੇ ਗਏ 130 ਕੈਨੇਡੀਅਨ, ਜਿਨ੍ਹਾਂ ਨੇ ਅੱਜ ਸਵੇਰੇ ਹੀ ਤਲ ਅਵੀਵ ਛੱਡ ਦਿੱਤਾ ਸੀ ਸਹੀ ਸਲਾਮਤ ਏਥਨਜ਼ ਪਹੁੰਚ ਗਏ ਹਨ। ਫੈਡਰਲ ਸਰਕਾਰ ਨੇ ਬੁੱਧਵਾਰ ਨੂੰ ਇਹ ਆਖਿਆ ਸੀ ਕਿ ਫਲਾਈਟਸ 150 ਪੈਸੈਂਜਰਜ਼ ਨੂੰ ਲੈ ਕੇ ਅੱਜ ਤੋਂ ਰਵਾਨਾ ਹੋਣੀਆਂ ਸ਼ੁਰੂ ਹੋ ਜਾਣਗੀਆਂ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਲੜਾਈ ਸ਼ੁਰੂ ਹੋਣ ਤੋਂ ਬਾਅਦ 700 ਦੇ ਨੇੜੇ ਤੇੜੇ ਕੈਨੇਡੀਅਨਜ਼ ਨੇ ਇਜ਼ਰਾਈਲ ਤੋਂ ਬਾਹਰ ਕੱਢੇ ਜਾਣ ਲਈ ਮਦਦ ਮੰਗੀ ਸੀ। ਕੈਨੇਡਾ ਆਮ ਤੌਰ ਉੱਤੇ ਓਦੋਂ ਮਿਲਟਰੀ ਏਅਰ ਟਰਾਂਸਪੋਰਟੇਸ਼ਨ ਮੁਹੱਈਆ ਨਹੀਂ ਕਰਵਾਉਂਦਾ ਜਦੋਂ ਅਜੇ ਕਮਰਸ਼ੀਅਲ ਫਲਾਈਟਸ ਕੰਮ ਕਰ ਰਹੀਆਂ ਹੋਣ ਪਰ ਸਰਕਾਰ ਨੇ ਆਖਿਆ ਕਿ ਲੋਕਾਂ ਵੱਲੋਂ ਇਸ ਲਈ ਉਨ੍ਹਾਂ ਤੋਂ ਮਦਦ ਮੰਗੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਟਿਕਟਾਂ ਲੈਣਾ ਕਾਫੀ ਮੁਸ਼ਕਲ ਹੋਇਆ ਪਿਆ ਹੈ।

## ਵਿਦਿਆਰਥੀ ਉੱਤੇ ਸਕੂਲ ਦੇ ਬਾਹਰ ਚਾਕੂ ਨਾਲ ਕੀਤਾ ਗਿਆ ਹਮਲਾ

ਸਕਾਰਬਰੋ-ਵੀਰਵਾਰ ਨੂੰ ਸਕੂਲ ਦੇ ਬਾਹਰ ਛੁਰੇਬਾਜੀ ਦੀ ਵਾਪਰੀ ਘਟਨਾ ਵਿੱਚ ਸਕਾਰਬਰੋ ਦੇ ਹਾਈ ਸਕੂਲ ਦਾ ਇੱਕ ਵਿਦਿਆਰਥੀ ਜਖਮੀ ਹੋ ਗਿਆ। ਟੋਰਾਂਟੋ ਪੁਲਿਸ ਨੂੰ ਛੁਰੇਬਾਜ਼ੀ ਦੀ ਖਬਰ ਦੇ ਕੇ ਦੁਪਹਿਰੇ 1:30 ਵਜੇ ਮਿੱਡਲੈਂਡ ਐਵਨਿਊ ਤੇ ਲਾਅਰੈਂਸ ਐਵਨਿਊ ਈਸਟ ਵਿੱਚ ਡੇਵਿਡ ਐਂਡ ਮੇਰੀ ਥੋਮਸਨ ਕਾਲਜੀਏਟ ਇੰਸਟੀਚਿਊਟ ਸੱਦਿਆ ਗਿਆ।ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਦਿਆਰਥੀ ਉੱਤੇ ਸਕੂਲ ਦੇ ਬਾਹਰ ਪਰ ਸਕੂਲ ਦੀ ਪ੍ਰਾਪਰਟੀ ਉੱਤੇ ਹਮਲਾ ਕੀਤਾ ਗਿਆ ਤੇ ਉਸ ਉੱਤੇ ਚਾਕੂ ਨਾਲ ਵਾਰ ਕੀਤੇ ਗਏ। ਦੋ ਮਸ਼ਕੂਕ, ਜਿਨ੍ਹਾਂ ਬਾਰੇ ਬਾਅਦ ਵਿੱਚ ਵਿਦਿਆਰਥੀ ਹੋਣ ਦੀ ਪੁਸਟੀ ਕੀਤੀ ਗਈ, ਨੂੰ ਮੌਕੇ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀ ਵਿਦਿਆਰਥੀ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।








# ਹੈਂਡਬੈਗ ਤੇ ਤੁਸੀਂ

ਦੇਖਿਆ ਗਿਆ ਹੈ ਕਿ ਅਕਸਰ ਔਰਤਾਂ ਸਿਰਫ ਹੈਂਡਬੈਗ ਨੂੰ ਸਮਾਨ ਰੱਖਣ ਦੇ ਉਦੇਸ਼ ਲਈ ਹੀ ਵਰਤਦੀਆਂ ਹਨ, ਜਦੋਂ ਕਿ ਕੁਝ ਤਾਂ ਪਰਸ ਵਿਚ ਏਨਾ ਸਮਾਨ ਭਰ ਦਿੰਦੀਆਂ ਹਨ ਕਿ ਪਰਸ ਫਟਣ ਨੂੰ ਤਿਆਰ ਹੋ ਜਾਂਦਾ ਹੈ। ਇਸ ਲਈ ਹੈਂਡਬੈਗ ਵਰਤਦੇ ਸਮੇਂ ਸਮਾਨ ਦੇ ਅਨੁਰੂਪ ਹੀ ਆਪਣੇ ਬੈਗ ਦੀ ਚੋਣ ਕਰਨਾ ਫਾਇਦੇਮੰਦ ਰਹੇਗਾ, ਨਹੀਂ ਤਾਂ ਸ਼ਖ਼ਸੀਅਤ ਡਿਗਣ ਵਿਚ ਥੋੜ੍ਹਾ ਜਿਹਾ ਵੀ ਸਮਾਂ ਨਹੀਂ ਲੱਗੇਗਾ। ਇਸ ਪ੍ਰਕਿਰਿਆ ਦੌਰਾਨ ਯਾਦ ਰੱਖੋ ਕਿ ਪਰਸ ਜ਼ਿਆਦਾ ਵੱਡਾ ਵੀ ਨਾ ਹੋਵੇ ਅਤੇ ਨਾ ਹੀ ਜ਼ਿਆਦਾ ਛੋਟਾ। ਬਸ ਸਮਾਨ ਰੱਖਣ ਲਈ ਕਾਫੀ ਹੋਵੇ। ਵੱਡੇ ਆਕਾਰ ਦੇ ਬੈਗ ਜਿਥੇ ਦੇਖਣ ਵਿਚ ਭੱਦੇ ਲਗਦੇ ਹਨ, ਉਥੇ ਸਫਰ ਵਿਚ ਪ੍ਰੇਸ਼ਾਨੀ ਖੜ੍ਹੀ ਕਰ ਦਿੰਦੇ ਹਨ, ਜਿਸ ਨਾਲ ਸਮੱਸਿਆ ਪੈਦਾ ਹੋ ਜਾਂਦੀ ਹੈ। ਸੋ, ਲੋੜ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਬੈਗ ਦੀ ਚੋਣ ਕਰੋ।

### ਰੰਗਾਂ ਦਾ ਧਿਆਨ ਰੱਖੋ

ਜੇ ਤੁਹਾਨੂੰ ਮੈਚਿੰਗ ਕੱਪੜੇ ਪਹਿਨਣ ਦੀ ਆਦਤ ਹੈ ਤਾਂ ਮੈਚਿੰਗ ਪਰਸ ਅਤੇ ਹੈਂਡਬੈਗ ਦੀ ਵਰਤੋਂ 'ਤੇ ਵੀ ਗੌਰ ਕਰੋ। ਇਸ ਲਈ ਤੁਸੀਂ ਪੁਸ਼ਾਕ ਦੇ ਅਨੁਸਾਰ ਰੰਗਾਂ ਦੀ ਚੋਣ ਬਾਖ਼ੂਬੀ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਮੈਚਿੰਗ ਪਰਸ ਉਪਲਬਧ ਨਹੀਂ ਹੈ ਤਾਂ ਐਵੇਂ ਪ੍ਰੇਸ਼ਾਨ ਨਾ ਹੋਵੋ, ਸਗੋਂ ਸਫੈਦ ਜਾਂ ਕਾਲੇ ਰੰਗ ਦੇ ਪਰਸ ਦੀ ਚੋਣ ਕਰ ਸਕਦੇ ਹੋ, ਕਿਉਂਕਿ ਇਹ ਰੰਗ ਲਗਪਗ ਸਾਰੀਆਂ ਪੁਸ਼ਾਕਾਂ ਦੇ ਨਾਲ ਵਰਤੇ ਜਾ ਸਕਦੇ ਹਨ।

### ਜਗ੍ਹਾ ਦੇ ਮੁਤਾਬਿਕ ਪਰਸ ਅਤੇ ਹੈਂਡਬੈਗ ਰੱਖੋ

ਜਿਸ ਤਰ੍ਹਾਂ ਸਫਰ ਵਿਚ ਜਾਂਦੇ ਸਮੇਂ ਕੱਪੜਿਆਂ ਨੂੰ ਬਚਾਅ ਕੇ ਰੱਖਦੇ ਹੋ, ਠੀਕ ਉਸੇ ਤਰ੍ਹਾਂ ਹੈਂਡਬੈਗ ਨੂੰ ਵੀ ਸੰਭਾਲਣਾ ਬਹੁਤ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਤੁਸੀਂ ਜਗ੍ਹਾ ਦੇ ਹਿਸਾਬ ਨਾਲ ਪਰਸ ਦੀ ਚੋਣ ਕਰੋਗੇ। ਮੰਨ ਲਓ ਕਿ ਤੁਸੀਂ ਸਫ਼ਰ ਲਈ ਇਕਦਮ ਤਿਆਰ ਹੋ ਕੇ ਤੁਰ ਪੈਂਦੇ ਹੋ ਤਾਂ ਅਜਿਹੇ ਵਿਚ ਛੋਟੇ ਪਰਸ ਨੂੰ ਲੈ ਕੇ ਚੱਲਣਾ ਦੁਖਦਾਈ ਸਾਬਤ ਹੋ ਸਕਦਾ ਹੈ, ਕਿਉਂਕਿ ਛੋਟੇ ਜਿਹੇ ਬੈਗ ਵਿਚ ਤੁਸੀਂ ਲੋੜ ਵਾਲੀ ਸ਼ਿੰਗਾਰ ਰੂਪੀ ਸਾਰੀ ਸਮੱਗਰੀ ਨਹੀਂ ਰੱਖ ਸਕਦੇ। ਇਸ ਲਈ ਇਥੇ ਵੱਡੇ ਪਰਸ ਨੂੰ ਪਹਿਲ ਦੇਣੀ ਹੀ ਠੀਕ ਰਹੇਗੀ।





### ਸਥਾਨ ਦੇ ਹਿਸਾਬ ਨਾਲ ਹੈਂਡਬੈਗ ਬਦਲੋ

ਅਕਸਰ ਮੁਟਿਆਰਾਂ ਇਕ ਹੀ ਹੈਂਡਬੈਗ ਨੂੰ ਹਰ ਇਕ ਜਗ੍ਹਾ 'ਤੇ ਲੈ ਕੇ ਜਾਂਦੀਆਂ ਹਨ ਜੋ ਸਰਾਸਰ ਗ਼ਲਤ ਹੈ। ਜੇ ਤੁਸੀਂ ਕਾਲਜ ਗਰਲ ਹੋ ਤਾਂ ਜੂਟ ਅਤੇ ਕੱਪੜੇ ਦੇ ਕਮਰ ਤੱਕ ਲਟਕਣ ਵਾਲੇ ਹੈਂਡਬੈਗ ਦੀ ਚੋਣ ਕਰੋ। ਦਫ਼ਤਰ ਜਾਣ ਵਾਲੀਆਂ ਔਰਤਾਂ ਆਧੁਨਿਕ ਡਿਜ਼ਾਈਨਾਂ ਵਾਲੇ ਰੈਕਸਿਨ ਜਾਂ ਫਿਰ ਚਮੜੇ ਦੇ ਹੈਂਡਬੈਗ ਨੂੰ ਕੰਮ 'ਤੇ ਲਿਜਾ ਸਕਦੀਆਂ ਹਨ, ਜਦੋਂ ਕਿ ਅਧਿਆਪਨ ਜਾਂ ਕਿਸੇ ਹੋਰ ਪ੍ਰਸ਼ਾਸਨਿਕ ਖੇਤਰ ਵਿਚ ਜਾਣ ਵਾਲੀਆਂ ਔਰਤਾਂ ਨੂੰ ਸਾਧਾਰਨ ਸੋਬਰ ਡਿਜ਼ਾਈਨ ਦੇ ਹੈਂਡਬੈਗ ਅਤੇ ਪਰਸ ਜ਼ਿਆਦਾ ਫਬਣਗੇ।

### ਸ਼ਖ਼ਸੀਅਤ ਦੇ ਅਨੁਰੂਪ ਹੈਂਡਬੈਗ ਦੀ ਵਰਤੋਂ ਕਰੋ

ਹੈਂਡਬੈਗ ਦੀ ਚੋਣ ਕਰਦੇ ਸਮੇਂ ਆਪਣੀ ਸ਼ਖ਼ਸੀਅਤ 'ਤੇ ਵੀ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਛੋਟੇ ਕੱਦ ਵਾਲੀਆਂ ਔਰਤਾਂ ਨੂੰ ਦਰਮਿਆਨੇ ਪਰਸ ਅਤੇ ਹੈਂਡਬੈਗ ਦੀ ਹੀ ਚੋਣ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।

### ਪਰਸ ਵਿਚ ਬੋਤਲ ਆਦਿ ਨਾ ਰੱਖੋ

ਹਮੇਸ਼ਾ ਯਾਦ ਰੱਖੋ ਕਿ ਹੈਂਡਬੈਗ ਤੁਹਾਡੀ ਸ਼ਖ਼ਸੀਅਤ ਦਾ ਆਈਨਾ ਹੈ ਅਤੇ ਇਸ ਵਿਚ ਬੇਕਾਰ ਦੀਆਂ ਚੀਜ਼ਾਂ ਨੂੰ ਰੱਖਣਾ ਫੂਹੜ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਪਰਸ ਦੇ ਅੰਦਰ ਬੇਕਾਰ ਦੀਆਂ ਚੀਜ਼ਾਂ ਨੂੰ ਜਗ੍ਹਾ ਨਾ ਦਿਓ ਅਤੇ ਪਾਣੀ ਦੀ ਬੋਤਲ ਨੂੰ ਵੀ ਹੋਰ ਕਿਤੇ ਥੈਲੇ ਵਿਚ ਰੱਖੋ। ਇਸ ਨਾਲ ਤੁਸੀਂ ਬੇਹੱਦ ਸ਼ਾਲੀਨ ਅਤੇ ਸੁਲਝੇ ਹੋਏ ਲੱਗੋਗੇ।

### ਹਿਫਾਜ਼ਤ ਨਾਲ ਰੱਖੋ

ਹੈਂਡਬੈਗ ਅਤੇ ਪਰਸ ਨੂੰ ਇਸਤੇਮਾਲ ਕਰਨ ਉਪਰੰਤ ਸੁਰੱਖਿਅਤ ਜਗ੍ਹਾ 'ਤੇ ਰੱਖਣਾ ਕਦੇ ਨਾ ਭੁੱਲੋ, ਸਗੋਂ ਉਸ ਵਿਚੋਂ ਸਮਾਨ ਕੱਢਣ ਤੋਂ ਬਾਅਦ ਉਸ ਵਿਚ ਕਾਗਜ਼ ਭਰ ਦਿਓ ਤਾਂ ਕਿ ਉਸ ਦਾ ਆਕਾਰ ਖਰਾਬ ਹੋਣ ਦੀ ਸਮੱਸਿਆ ਤੋਂ ਬਚਿਆ ਜਾ ਸਕੇ। ਇਸ ਤਰ੍ਹਾਂ ਤੁਸੀਂ ਹੈਂਡਬੈਗ ਦੁਆਰਾ ਆਪਣੀ ਸ਼ਖ਼ਸੀਅਤ ਨੂੰ ਬਰਕਰਾਰ ਰੱਖਦੇ ਹੋਏ ਦੂਜੇ ਲੋਕਾਂ 'ਤੇ ਆਪਣੀ ਇਕ ਖਾਸ ਅਲੱਗ ਪਛਾਣ ਛੱਡ ਸਕਦੇ ਹੋ, ਜੋ ਮਨ ਹੀ ਮਨ ਇਕ ਸੁਖਦ ਅਨੰਦ ਦੇਵੇਗਾ।

—ਨੀਤੂ ਗੁਪਤਾ


# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

OPEN 7 DAYS

ICBC autoplan www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$13.98 bag
EXTRA SUPER SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.49 lb
Gur Plain 2 lbs Indican
ਪੇਸ਼ੀ ਗੁੜ ਇੰਡੀਕਨ
$2.99 jar
SUPER SPECIAL
Russet Potatoes Snoboy
ਆਲੂ ਰਸਟ ਸਨੋਬੁਆਏ 10 lbs
$3.99 bag
SUPER SUPER SPECIAL
Spinach
ਪਾਲਕ
99¢ bunch
Chickpeas
ਚਿੱਟੇ ਛੋਲੇ
99¢ lb
Shakkar 1 kg Indican
ਸ਼ੱਕਰ ਇੰਡੀਕਨ
$2.99 jar
SUPER SPECIAL
Gala Apples BC
ਗਾਲਾ ਸੇਬ ਬੀਸੀ
79¢ lb
SUPER SPECIAL
Red Delicious Apples BC
ਲਾਲ ਸਵਾਦ ਸੇਬ ਬੀਸੀ
79¢ lb
Sher Multigrain Atta 10 lbs
ਸ਼ੇਰ ਮਲਟੀਗ੍ਰੇਨ ਅੱਟਾ
$9.99 bag
Indican Assam Tea
ਇੰਡੀਕੈਂਨ ਅਸਾਮ ਚਾਹ 216's
$6.99 pkg.
SUPER SPECIAL
Cilantro
ਧਣੀਆ
2 bunches for $1.50
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Indican Tea 450 g
ਇੰਡੀਕਨ ਚਾਹ
$2.99 pkg.
Zucchini Squash
ਜ਼ੁਕੀਨੀ ਸਕੁਐਸ਼
88¢ lb
Red, Yellow & Orange Peppers BC
ਸ਼ਿਮਲਾ ਮਿਰਚਾਂ
(ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb
Green Cabbage
ਹਰੀ ਬੰਦ ਗੋਭੀ
59¢ lb
Almonds #1
ਬਦਾਮ
$3.98 lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Gala Apples USA #1
ਗਾਲਾ ਸੇਬ
ਯੂ.ਐਸ. #੧
$1.29 lb
Rapini (Sarson da Saag)
ਸਰਸੋਂ ਦਾ ਸਾਗ
$2.88 bunch
BC Carrots
ਗਾਜਰਾਂ ਬੀ ਸੀ
78¢ lb
Red Lentil Whole, Red Lentil Split 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ ( ਇੰਡੀਕੈਂਨ )
$3.98 bag
Product images may differ from the actual product.
Fri Oct 13, 2023 - Wed Oct 18, 2023
We reserve the right to limit the quantities while they last
Specials valid for Lower Mainland only
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ------------- 604-321-9931
Richmond------- 4101 No.5 Rd.--------------- 604-244-9520